# ਆਤਮ ਪਰਗਾਸ ਸਰਬੋਤਮ ਪਾਠਸ਼ਾਲਾ ਸਨਮਾਨ

ਵਿੱਦਿਅਕ ਅਦਾਰਿਆਂ ਦਾ ਮੁਢਲਾ ਮਨੋਰਥ ਵਿਦਿਆਰਥੀਆਂ ਨੂੰ ਦੁਨਿਆਵੀ ਗਿਆਨ ਵਿੱਚ ਪ੍ਰਬੀਨ ਕਰਨ ਦੇ ਨਾਲ਼-ਨਾਲ਼ ਉਹਨਾਂ ਦੀ ਸ਼ਖ਼ਸੀਅਤ ਦਾ ਸਰਬਪੱਖੀ ਵਿਕਾਸ ਕਰਕੇ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਲਈ ਜ਼ੁੰਮੇਵਾਰ ਅਤੇ ਇਮਾਨਦਾਰ ਨਾਗਰਿਕ ਪੈਦਾ ਕਰਨਾ ਹੁੰਦਾ ਹੈ।ਪਰ, ਅਜੋਕੀ ਸਮਾਜਿਕ ਦਸ਼ਾ ਇਸ ਗੱਲ ਦੀ ਲਖਾਇਕ ਹੈ ਕਿ ਵਿੱਦਿਅਕ ਅਦਾਰਿਆਂ ਨੂੰ ਇਹ ਟੀਚਾ ਪ੍ਰਾਪਤ ਕਰਨ ਲਈ ਆਪਣੀ ਕਾਰਜਵਿਧੀ ਵਿੱਚ ਵੱਡੇ ਸੁਧਾਰ ਦੀ ਲੋੜ ਹੈ।ਵਿੱਦਿਅਕ ਅਦਾਰਿਆਂ ਨੂੰ ਆਪਣੇ ਫ਼ਰਜ਼ਾਂ ਪ੍ਰਤੀ ਜਾਗਰੂਕ ਕਰਕੇ ਵਿਦਿਆਰਥੀਆਂ ਦੀ ਸਚਿਆਰ ਮਨੁੱਖਾਂ ਵਜੋਂ ਘਾੜਤ ਘੜਨ ਲਈ ਕਾਰਜਸ਼ੀਲ ਕਰਨ ਹਿੱਤ ਆਤਮ ਪਰਗਾਸ ਸਮਾਜ ਭਲਾਈ ਸਭਾ ਵੱਲੋਂ ਵਿਉਂਤਬੱਧ ਕਾਰਜ ਅਰੰਭ ਕੀਤੇ ਗਏ ਹਨ। **ਇਸ ਮਨੋਰਥ ਦੀ ਪੂਰਤੀ ਲਈ ਵਿੱਦਿਅਕ ਅਦਾਰਿਆਂ ਨੂੰ ਉਤਸ਼ਾਹਿਤ ਕਰਨ ਹਿੱਤ 'ਆਤਮ ਪਰਗਾਸ ਸਰਬੋਤਮ ਪਾਠਸ਼ਾਲਾ ਸਨਮਾਨ' ਸਥਾਪਿਤ ਕੀਤਾ ਗਿਆ ਹੈ।ਨਿਰਧਾਰਿਤ ਵਿਧੀ ਵਿਉਂਤ ਅਨੁਸਾਰ ਕਾਰਜਸ਼ੀਲ ਹੋ ਕੇ ਅੱਵਲ ਕਾਰਗੁਜ਼ਾਰੀ ਕਰਨ ਵਾਲ਼ੇ ਵਿੱਦਿਅਕ ਅਦਾਰੇ ਨੂੰ ਸਨਮਾਨ ਚਿੰਨ੍ਹ ਅਤੇ 51,000/- ਰੁਪਏ ਦੀ ਰਾਸ਼ੀ ਨਾਲ਼ ਸਨਮਾਨਿਤ ਕੀਤਾ ਜਾਵੇਗਾ।**

'ਆਤਮ ਪਰਗਾਸ ਸਰਬੋਤਮ ਪਾਠਸ਼ਾਲਾ ਸਨਮਾਨ' ਮੁਕਾਬਲੇ ਵਿੱਚ ਭਾਗ ਲੈਣ ਲਈ ਵਿੱਦਿਅਕ ਅਦਾਰੇ ਦੇ ਮੁੱਖ ਅਧਿਆਪਕ ਸਾਹਿਬ ਦਾ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਲਈ ਆਤਮ ਪਰਗਾਸ ਉਦੇਸ਼ ਨੂੰ ਸਮਝਣਾ ਅਤੇ ਪਾਠਸ਼ਾਲਾ ਵਿਖੇ ਵਿਦਿਆਰਥੀਆਂ ਦੀ ਸ਼ਖ਼ਸੀਅਤ ਦੀ ਸਚਿਆਰ ਮਨੁੱਖਾਂ ਵਜੋਂ ਘਾੜਤ ਘੜਨ ਲਈ ਬਚਨਬੱਧਤਾ ਅਤੇ ਤਨਦੇਹੀ ਨਾਲ਼ ਕਾਰਜਸ਼ੀਲ ਹੋਣਾ ਮੁਢਲੀ ਜ਼ਰੂਰਤ ਹੈ।ਚਾਹਵਾਨ ਮੁੱਖ ਅਧਿਆਪਕ ਸਾਹਿਬ ਆਪਣੇ ਵਿੱਦਿਅਕ ਅਦਾਰੇ ਵਿੱਚ ਹੇਠ ਲਿਖੇ ਕਾਰਜਾਂ ਅਤੇ ਗਤੀਵਿਧੀਆਂ ਦੇ ਆਯੋਜਨ ਨਾਲ਼ ਠੋਸ ਨਤੀਜਿਆਂ ਦੀ ਪ੍ਰਾਪਤੀ ਕਰਕੇ 'ਆਤਮ ਪਰਗਾਸ ਸਰਬੋਤਮ ਪਾਠਸ਼ਾਲਾ ਸਨਮਾਨ' ਮੁਕਾਬਲੇ ਵਿੱਚ ਭਾਗ ਲੈ ਸਕਦੇ ਹਨ:

## ਪਾਠਸ਼ਾਲਾ ਦੀ ਪ੍ਰਗਤੀ ਦੇ ਮੁਲਾਂਕਣ ਲਈ ਪੈਮਾਨਾ

ਪਾਠਸ਼ਾਲਾ ਦਾ ਮੁਢਲਾ ਮਨੋਰਥ ਸਰਬੱਤ ਦਾ ਭਲਾ ਨਿਸ਼ਚਿਤ ਕਰਨ ਲਈ ਸਚਿਆਰ ਮਨੁੱਖਾਂ ਦੀ ਘਾੜਤ ਕਰਨਾ ਹੈ।ਅਸੀਂ ਰੋਜ਼ਾਨਾ ਅਰਦਾਸ ਵਿੱਚ ਵੀ ਸਰਬੱਤ ਦਾ ਭਲਾ ਮੰਗਦੇ ਹਾਂ।ਸਾਡਾ ਇਤਿਹਾਸ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਨਿੱਜੀ ਸੁੱਖਾਂ ਦੇ ਤਿਆਗ ਤੋਂ ਬਿਨਾਂ ਸਰਬੱਤ ਦਾ ਭਲਾ ਸੰਭਵ ਨਹੀਂ ਹੈ।

**ਇਸ ਲਈ ਪਾਠਸ਼ਾਲਾ ਦੀ ਪ੍ਰਗਤੀ ਦਾ ਮੁਲਾਂਕਣ ਇਮਾਰਤਾਂ ਦੀ ਦਿੱਖ, ਵਿਦਿਆਰਥੀਆਂ ਦੀ ਗਿਣਤੀ ਜਾਂ ਪ੍ਰੀਖਿਆ ਨਤੀਜਿਆਂ ਨਾਲ਼ ਨਹੀਂ, ਸਗੋਂ ਪਾਠਸ਼ਾਲਾ ਵੱਲੋਂ ਤਿਆਰ ਕੀਤੇ ਉਹਨਾਂ ਸਚਿਆਰ ਮਨੁੱਖਾਂ ਨਾਲ਼ ਹੁੰਦਾ ਹੈ, ਜੋ ਨਿੱਜੀ ਸੁੱਖਾਂ ਦਾ ਤਿਆਗ ਕਰਕੇ, ਜਥੇਬੰਦ ਕਾਫ਼ਲੇ ਵਿੱਚ ਸ੍ਵੈ-ਅਨੁਸ਼ਾਸਨ ਨਾਲ਼ ਸਮਾਜ ਪ੍ਰਤੀ ਆਪਣੀਆਂ ਜ਼ੁੰਮੇਵਾਰੀਆਂ ਨੂੰ ਪੂਰੀ ਤਨਦੇਹੀ ਅਤੇ ਜਵਾਬਦੇਹੀ ਨਾਲ਼ ਨਿਭਾਉਣ ਲਈ ਸਦਾ ਤਿਆਰ-ਬਰ-ਤਿਆਰ ਰਹਿਣ ਲਈ ਨੈਤਿਕ ਤੌਰ ਤੇ ਪਾਬੰਦ ਹੁੰਦੇ ਹਨ।**

**ਵਿਸ਼ੇਸ਼ ਟਿੱਪਣੀ:** ਨੈਤਿਕ ਸਿੱਖਿਆ ਪੜ੍ਹਾਉਣ ਦਾ ਭਾਵ ਵਿਦਿਆਰਥੀਆਂ ਅੰਦਰ ਨੈਤਿਕ ਸਿੱਖਿਆਵਾਂ ਦੀ ਜੀਵਨ ਵਿੱਚ ਕਮਾਈ ਕਰਨ ਲਈ ਦ੍ਰਿੜ੍ਹਤਾ ਪੈਦਾ ਕਰਨਾ ਹੈ।ਵਿਦਿਆਰਥੀਆਂ ਅੰਦਰ ਇਹਨਾਂ ਸਿੱਖਿਆਵਾਂ ਦੀ ਕਮਾਈ ਲਈ ਦ੍ਰਿੜ੍ਹਤਾ ਪੈਦਾ ਕਰਨ ਲਈ ਅਧਿਆਪਕ ਨੂੰ ਪਹਿਲਾਂ ਆਪ ਚਾਨਣ-ਮੁਨਾਰਾ (Role Model) ਬਣਨਾ ਪੈਂਦਾ ਹੈ।ਅਧਿਆਪਕਾਂ ਨੂੰ ਚਾਨਣ-ਮੁਨਾਰਾ ਬਣਨ ਲਈ ਵਿਸ਼ੇਸ਼ ਉਤਸ਼ਾਹ, ਮਾਹੌਲ ਅਤੇ ਦਿਸ਼ਾ ਦੇਣ ਲਈ ਮੁੱਖ ਅਧਿਆਪਕ ਅਤੇ ਪ੍ਰਬੰਧਕਾਂ ਦਾ ਆਪਣਾ ਜੀਵਨ ਪ੍ਰੇਰਨਾ ਸਰੋਤ ਹੋਣਾ ਅਤਿ ਜ਼ਰੂਰੀ ਹੈ।

## ਸਰਬੋਤਮ ਪਾਠਸ਼ਾਲਾ ਦੀ ਸਿਰਜਣਾ ਲਈ ਪ੍ਰਸਤਾਵਿਤ ਪ੍ਰਮੁੱਖ ਕੰਮ

(1) **ਆਤਮ ਪਰਗਾਸ ਪਾਠ-ਕ੍ਰਮ ਦੀ ਸੁਚੱਜੀ ਵਰਤੋਂ:** ਵਿਦਿਆਰਥੀਆਂ ਅੰਦਰ ਨੈਤਿਕ ਗੁਣਾਂ ਦੀ ਪ੍ਰਫੁਲਿਤਾ ਲਈ ਜ਼ਰੂਰੀ ਹੈ ਕਿ ਉਹਨਾਂ ਨੂੰ ਦੁਨਿਆਵੀ ਵਿਸ਼ੇ ਪੜ੍ਹਾਉਣ ਲਈ ਅਜਿਹਾ ਨਵੇਕਲ਼ਾ ਪਾਠ-ਕ੍ਰਮ ਅਪਣਾਇਆ ਜਾਵੇ, ਜਿਸ ਦੀ ਵਰਤੋਂ ਨਾਲ਼ ਉਹਨਾਂ ਅੰਦਰ ਸਚਿਆਰ ਮਨੁੱਖਾਂ ਵਜੋਂ ਵਿਕਸਿਤ ਹੋਣ ਦੀ

ਪ੍ਰਾਥਮਿਕਤਾ ਕਾਇਮ ਰਹੇ। ਇਸ ਲੋੜ ਨੂੰ ਪੂਰੀ ਕਰਨ ਲਈ ਆਤਮ ਪਰਗਾਸ ਵੱਲੋਂ 'ਕੌਮੀ ਸਿੱਖਿਆ ਨੀਤੀ (National Education Policy)' ਅਨੁਸਾਰ ਸਕੂਲ ਵਿਦਿਆਰਥੀਆਂ ਦੇ ਵੱਖ-ਵੱਖ ਵਿਸ਼ਿਆਂ ਲਈ ਨਵੇਕਲਾ ਪਾਠ-ਕ੍ਰਮ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ ਪਾਠ-ਕ੍ਰਮ ਵਿਦਿਆਰਥੀਆਂ ਨੂੰ ਦੁਨਿਆਵੀ ਵਿੱਦਿਆ ਦੇਣ ਦੇ ਨਾਲ਼-ਨਾਲ਼ ਉਹਨਾਂ ਅੰਦਰ ਨੈਤਿਕ, ਬੌਧਿਕ ਅਤੇ ਸੱਭਿਅਕ ਵਿਕਾਸ ਨੂੰ ਪ੍ਰਫੁਲਿਤ ਕਰਨ ਲਈ ਵਡਮੁੱਲੀ ਸੁਗਾਤ ਹੈ। ਇਸ ਲਈ ਆਤਮ ਪਰਗਾਸ ਪਾਠ-ਕ੍ਰਮ ਨੂੰ ਸੁਚੱਜੇ ਅਤੇ ਉਤਸ਼ਾਹ ਭਰਪੂਰ ਢੰਗ ਨਾਲ਼ ਪੜ੍ਹਾਉਣਾ ਅਤੇ ਪਾਠ-ਕ੍ਰਮ ਦੀਆਂ ਸਿੱਖਿਆਵਾਂ ਨੂੰ ਵਿਦਿਆਰਥੀਆਂ ਦੇ ਅਮਲੀ ਜੀਵਨ ਵਿੱਚ ਲਾਗੂ ਕਰਨ ਲਈ ਜ਼ੁੰਮੇਵਾਰੀ ਨਾਲ਼ ਕੰਮ ਕਰਨਾ ਅਤਿ ਜ਼ਰੂਰੀ ਹੈ।

(2) **ਪਾਠਸ਼ਾਲਾ ਵਿਖੇ ਰੋਜ਼ਾਨਾ ਦੀ ਪ੍ਰਾਰਥਨਾ ਦਾ ਨਵੇਕਲਾ ਆਯੋਜਨ:** ਪਾਠਸ਼ਾਲਾ ਵਿਖੇ ਰੋਜ਼ਾਨਾ ਪ੍ਰਾਰਥਨਾ ਦਾ ਮਨੋਰਥ, ਪਾਠਸ਼ਾਲਾ ਦਾ ਕੰਮ ਕਾਜ ਅਰੰਭ ਕਰਨ ਤੋਂ ਪਹਿਲਾਂ ਮਨ ਨੂੰ ਅਧਿਆਪਨ ਦੇ ਨੇਕ ਕੰਮ ਲਈ ਇਕਾਗਰ ਅਤੇ ਸ਼ਾਂਤ ਕਰਨਾ ਹੁੰਦਾ ਹੈ। ਇਸ ਲਈ ਪ੍ਰਾਰਥਨਾ ਦਾ ਨਵੇਕਲਾ ਅਤੇ ਦਿਲਚਸਪ ਆਯੋਜਨ ਕਰੋ। ਯਕੀਨੀ ਬਣਾਓ ਕਿ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਸ ਪ੍ਰਾਰਥਨਾ ਦੌਰਾਨ ਹਰ ਰੋਜ਼ ਕੁਝ ਨਵਾਂ ਸਿੱਖਣ ਅਤੇ ਸਿਖਾਉਣ ਲਈ ਵਿਸ਼ੇਸ਼ ਉਤਸ਼ਾਹ ਹੋਵੇ। ਇਸ ਲਈ ਪ੍ਰਾਰਥਨਾ ਵਿੱਚ ਹੇਠ ਲਿਖੀਆਂ ਗਤੀਵਿਧੀਆਂ ਵੀ ਸ਼ਾਮਲ ਕਰੋ:

- ❖ ਵਿਦਿਆਰਥੀਆਂ ਦੇ ਕਿਰਦਾਰ ਦੀ ਘਾੜਤ ਲਈ ਆਤਮ ਪਰਗਾਸ ਵੱਲੋਂ ਰੋਜ਼ਾਨਾ ਦੇ ਸਬਕ ਵਿੱਚ ਸਾਂਝੇ ਕੀਤੇ ਗਏ ਗੁਰ ਫ਼ਰਮਾਨ ਦੀ ਸਿੱਖਿਆ ਦ੍ਰਿੜ੍ਹ ਕਰਵਾਓ। ਚੰਗਾ ਹੋਵੇ ਜੇ ਇਹ ਫ਼ਰਮਾਨ ਰੋਜ਼ਾਨਾ ਹਰ ਜਮਾਤ ਵਿੱਚ ਵਿਸ਼ੇਸ਼ ਤਖ਼ਤੇ ਜਾਂ ਪੜ੍ਹਾਉਣ ਵਾਲ਼ੇ ਕਾਲੇ/ਚਿੱਟੇ ਫੱਟੇ (Black/White Board) ਤੇ ਲਿਖ ਕੇ ਦਿਨ ਵਿੱਚ ਦੋ ਵਾਰ ਦੁਹਰਾਇਆ ਜਾਵੇ ਅਤੇ ਸਾਰਾ ਦਿਨ ਵਿਦਿਆਰਥੀਆਂ ਦੀ ਨਿਗ੍ਹਾ ਵਿੱਚ ਰਹੇ ਤਾਂ ਜੋ ਉਹ ਇਸ ਸਿੱਖਿਆ ਦੀ ਆਪਣੇ ਜੀਵਨ ਵਿੱਚ ਕਮਾਈ ਕਰਨ ਲਈ ਦ੍ਰਿੜ੍ਹ ਹੋ ਸਕਣ।
- ❖ ਇਤਿਹਾਸਿਕ ਦਿਹਾੜਿਆਂ ਸਮੇਂ, ਵਿਦਿਆਰਥੀਆਂ ਨੂੰ ਸੰਬੰਧਿਤ ਇਤਿਹਾਸ ਦੀ ਜਾਣਕਾਰੀ ਦੇ ਕੇ ਇਤਿਹਾਸ ਵਿੱਚੋਂ ਨੈਤਿਕ ਸਿੱਖਿਆਵਾਂ ਗ੍ਰਹਿਣ ਕਰਨ ਲਈ ਉਤਸ਼ਾਹਿਤ ਕਰੋ। ਇਤਿਹਾਸਿਕ ਜਾਣਕਾਰੀ ਸੰਬੰਧੀ ਵਿਸ਼ੇਸ਼ ਸਬਕ ਇੱਕ ਹਫ਼ਤਾ ਪਹਿਲਾਂ ਵਟਸਐਪ ਜੁੱਟ (Group) ਰਾਹੀਂ ਵਿੱਦਿਅਕ ਅਦਾਰਿਆਂ ਨਾਲ਼ ਸਾਂਝੇ ਕਰ ਦਿੱਤੇ ਜਾਂਦੇ ਹਨ।
- ❖ ਇਸ ਦਸਤਾਵੇਜ਼ ਵਿੱਚ 'ਸਰਬੋਤਮ ਪਾਠਸ਼ਾਲਾ ਦੀ ਸਿਰਜਣਾ ਲਈ ਪ੍ਰਸਤਾਵਿਤ ਹੋਰ ਮਹੱਤਵਪੂਰਨ ਕਾਰਜ' ਦੇ ਸਿਰਲੇਖ ਅਧੀਨ ਹੇਠਾਂ ਦਰਜ ਵੱਖ-ਵੱਖ ਕਾਰਜਾਂ ਵਿੱਚੋਂ ਰੋਜ਼ਾਨਾ ਕਿਸੇ ਇੱਕ ਕਾਰਜ ਦੇ ਮਨੋਰਥ ਦੀ ਪੂਰਤੀ ਲਈ ਉਤਸ਼ਾਹ ਭਰਪੂਰ ਢੰਗ ਨਾਲ਼ ਸਿੱਖਿਆ ਦ੍ਰਿੜ੍ਹ ਕਰਵਾਓ।

**ਵਿਸ਼ੇਸ਼ ਸਾਵਧਾਨੀ:** ਸਾਰਥਿਕ ਨਤੀਜੇ ਪ੍ਰਾਪਤ ਕਰਨ ਲਈ ਅਤਿ ਜ਼ਰੂਰੀ ਹੈ ਕਿ ਰੋਜ਼ਾਨਾ ਪ੍ਰੇਰਨਾ ਕਰਨ ਵਾਲ਼ੇ ਅਧਿਆਪਕ ਅਤੇ ਵਿਦਿਆਰਥੀ ਸਿਰਫ਼ ਭਾਸ਼ਣ ਨਾ ਕਰਨ ਸਗੋਂ ਚਾਨਣ-ਮੁਨਾਰਾ ਬਣ ਕੇ ਆਪਣੀ ਜੀਵਨ-ਜਾਚ ਰਾਹੀਂ ਦੂਸਰਿਆਂ ਲਈ ਜਿਊਂਦੇ-ਜਾਗਦੇ ਪ੍ਰੇਰਨਾ ਸਰੋਤ ਵੀ ਬਣਨ।

(3) **ਵਿਦਿਆਰਥੀਆਂ ਦੀ ਸਾਲਾਨਾ ਵਿੱਦਿਅਕ ਅਤੇ ਨੈਤਿਕ ਪ੍ਰਗਤੀ ਦਾ ਜ਼ੁੰਮੇਵਾਰੀ ਨਾਲ਼ ਮੁਲਾਂਕਣ:** ਵਿਦਿਆਰਥੀਆਂ ਦੀ ਵਿੱਦਿਅਕ ਅਤੇ ਨੈਤਿਕ ਪ੍ਰਗਤੀ ਦਾ ਵਿਕਾਸ ਯਕੀਨੀ ਬਣਾਉਣਾ ਅਤੇ ਇਮਤਿਹਾਨ ਦੌਰਾਨ ਉਹਨਾਂ ਦੀ ਪ੍ਰਗਤੀ ਦਾ ਸਹੀ ਢੰਗ ਨਾਲ਼ ਮੁਲਾਂਕਣ ਕਰਨਾ ਇੱਕ ਮਹੱਵਪੂਰਨ ਕੰਮ ਹੈ। ਇਸ ਕੰਮ ਨੂੰ ਨਿਪੁੰਨਤਾ ਨਾਲ਼ ਕਰਨ ਲਈ ਆਤਮ ਪਰਗਾਸ ਪਾਠ-ਕ੍ਰਮ ਵਿੱਚ ਅਧਿਆਪਕਾਂ ਲਈ ਵਿਸ਼ੇਸ਼ ਦਿਸ਼ਾ-ਨਿਰਦੇਸ਼ ਪ੍ਰਕਾਸ਼ਿਤ ਕੀਤੇ ਗਏ ਹਨ। ਇਸ ਮੁਤਾਬਕ ਵਿਦਿਆਰਥੀਆਂ ਦੀ ਇਮਤਿਹਾਨਾਂ ਲਈ ਵਿਸ਼ੇਸ਼ ਤਿਆਰੀ ਕਰਵਾਓ ਅਤੇ ਕੇਂਦਰੀ ਆਤਮ ਪਰਗਾਸ ਪ੍ਰਸ਼ਨ-ਪੱਤਰ ਅਨੁਸਾਰ ਸਤੰਬਰ ਅਤੇ ਫ਼ਰਵਰੀ/ਮਾਰਚ ਮਹੀਨੇ ਵਿੱਚ ਇਮਤਿਹਾਨ ਲੈ ਕੇ ਵਿਦਿਆਰਥੀਆਂ ਦੀ ਪ੍ਰਗਤੀ ਦਾ ਮੁਲਾਂਕਣ ਕਰੋ।

ਹਰ ਵਿਦਿਆਰਥੀ ਅੰਦਰ ਨੈਤਿਕ ਗੁਣਾਂ ਦੇ ਵਿਕਾਸ ਅਤੇ ਆਪਣੇ ਅਮੀਰ ਵਿਰਸੇ ਦੀਆਂ ਸਿੱਖਿਆਵਾਂ ਨੂੰ ਜੀਵਨ ਵਿੱਚ ਕਮਾਉਣ ਲਈ ਪੈਦਾ ਹੋਈ ਦ੍ਰਿੜ੍ਹਤਾ ਦਾ ਵਿਸ਼ੇਸ਼ ਨਿਰੀਖਣ ਕਰਕੇ ਸਾਲਾਨਾ ਪ੍ਰਗਤੀ ਪ੍ਰਮਾਣ ਪੱਤਰ (Annual Progress Report Card) ਵਿੱਚ ਦਰਜ ਕਰੋ।

(4) **ਆਗੂ ਵਿਦਿਆਰਥੀਆਂ ਦੀ ਨਿਸ਼ਾਨਦੇਹੀ ਅਤੇ ਸਚਿਆਰ ਮਨੁੱਖਾਂ ਵਜੋਂ ਘਾੜਤ:** ਵਿੱਦਿਅਕ ਅਦਾਰਿਆਂ ਦਾ ਫ਼ਰਜ਼ ਸਮੂਹ ਵਿਦਿਆਰਥੀਆਂ ਦੀ ਸ਼ਖ਼ਸੀਅਤ ਦੀ ਘਾੜਤ ਕਰਨਾ ਹੈ।ਪਰ, ਸਮਾਜ ਨੂੰ ਦਿਸ਼ਾ ਦੇਣ ਦੀ ਸਮਰੱਥਾ ਹਰ ਮਨੁੱਖ ਵਿੱਚ ਨਹੀਂ ਹੁੰਦੀ।ਜੇ ਵਿੱਦਿਅਕ ਅਦਾਰੇ ਬਾਲ ਉਮਰ ਵਿੱਚ ਹੀ ਆਪਣੇ ਵਿਦਿਆਰਥੀਆਂ ਵਿੱਚੋਂ ਭਵਿੱਖ ਦੇ ਸਮਾਜ ਦੀ ਅਗਵਾਈ ਕਰਨ ਦੀ ਸਮਰੱਥਾ ਰੱਖਣ ਵਾਲ਼ੇ ਵਿਦਿਆਰਥੀਆਂ ਦੀ ਨਿਸ਼ਾਨਦੇਹੀ ਕਰਕੇ ਉਹਨਾਂ ਦੀ ਸਚਿਆਰ ਮਨੁੱਖਾਂ ਵਜੋਂ ਘਾੜਤ ਕਰਨ ਲਈ ਆਪਣਾ ਫ਼ਰਜ਼ ਨਿਭਾ ਦੇਣ ਤਾਂ ਸੁਖੀ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਦਾ ਸੁਪਨਾ ਸਾਕਾਰ ਕੀਤਾ ਜਾ ਸਕਦਾ ਹੈ।ਇਸ ਮਨੋਰਥ ਦੀ ਪੂਰਤੀ ਲਈ ਅਧਿਆਪਕਾਂ ਨੂੰ ਵਿਲੱਖਣ ਗੁਣਾਂ ਵਾਲ਼ੇ ਵਿਦਿਆਰਥੀਆਂ ਦੀ ਨਿਸ਼ਾਨਦੇਹੀ ਛੋਟੀ ਉਮਰ ਵਿੱਚ ਹੀ ਕਰ ਲੈਣੀ ਚਾਹੀਦੀ ਹੈ ਅਤੇ ਇਹ ਨਿਸ਼ਾਨਦੇਹੀ ਅੱਠਵੀਂ ਜਮਾਤ ਤੱਕ ਮੁਕੰਮਲ ਹੋ ਜਾਣੀ ਚਾਹੀਦੀ ਹੈ।ਆਮ ਤੌਰ ਤੇ ਸਮਾਜ ਦੀ ਵੱਖ-ਵੱਖ ਖੇਤਰਾਂ ਵਿੱਚ ਅਗਵਾਈ ਕਰਨ ਦੀ ਸਮਰੱਥਾ ਰੱਖਣ ਵਾਲ਼ੇ ਵਿਦਿਆਰਥੀਆਂ ਵਿੱਚ ਹੇਠ ਲਿਖੀਆਂ ਯੋਗਤਾਵਾਂ ਵਿੱਚੋਂ ਘੱਟੋ-ਘੱਟ ਕੋਈ ਇੱਕ ਕਾਬਲੀਅਤ ਜ਼ਰੂਰ ਹੁੰਦੀ ਹੈ:

- ✓ ਵਿੱਦਿਆ ਵਿੱਚ ਵਿਸ਼ੇਸ਼ ਰੁਚੀ
- ✓ ਚੰਗਾ ਬੁਲਾਰਾ ਬਣਨ ਦੀ ਸਮਰੱਥਾ
- ✓ ਚੰਗਾ ਲਿਖਾਰੀ ਬਣਨ ਦੀ ਸਮਰੱਥਾ
- ✓ ਚੰਗਾ ਸੰਗੀਤਕਾਰ ਬਣਨ ਦੀ ਸਮਰੱਥਾ
- ✓ ਚੰਗਾ ਪ੍ਰਬੰਧਕ ਬਣਨ ਦੀ ਸਮਰੱਥਾ
- ✓ ਚੰਗਾ ਖਿਡਾਰੀ ਬਣਨ ਦੀ ਸਮਰੱਥਾ
- ✓ ਚੰਗਾ ਕਲਾਕਾਰ ਬਣਨ ਦੀ ਸਮਰੱਥਾ
- ✓ ਦੂਸਰਿਆਂ ਨੂੰ ਜ਼ੋਰ ਜਾਂ ਦਲੀਲ ਨਾਲ਼ ਪ੍ਰਭਾਵਿਤ ਕਰਨ ਦੀ ਸਮਰੱਥਾ

ਅਜਿਹੇ ਵਿਦਿਆਰਥੀਆਂ ਅੰਦਰ ਨੈਤਿਕ ਗੁਣਾਂ ਦੀ ਪ੍ਰਫੁਲਿਤਾ ਕਰਨ ਲਈ ਵਿਸ਼ੇਸ਼ ਤਰਜੀਹ ਦਿਓ ਅਤੇ ਇਹਨਾਂ ਵਿਦਿਆਰਥੀਆਂ ਨੂੰ ਅਨੁਸ਼ਾਸਨ ਅਤੇ ਵਿਉਂਤਬੰਦੀ ਨਾਲ਼ ਸਮਾਜ ਸੇਵਾ ਲਈ ਕਾਰਜਸ਼ੀਲ ਹੋਣ ਦੀ ਜਥੇਬੰਦਕ ਸਿਖਲਾਈ ਦੇਣ ਲਈ ਸਾਲਾਨਾ ਦੋ ਕਾਰਜਸ਼ਾਲਾਵਾਂ ਦਾ ਆਯੋਜਨ ਕਰੋ।ਪੜ੍ਹਾਈ ਪੂਰੀ ਹੋ ਜਾਣ ਉਪਰੰਤ ਇਹਨਾਂ ਵਿਦਿਆਰਥੀਆਂ ਨਾਲ਼ ਨਿਰੰਤਰ ਰਾਬਤਾ ਬਣਾ ਕੇ ਰੱਖੋ ਅਤੇ ਸਕਾਰਾਤਮਿਕ ਕੰਮ ਕਰਨ ਲਈ ਦਿਸ਼ਾ ਅਤੇ ਉਤਸ਼ਾਹ ਦਿਓ।

ਇਹਨਾਂ ਵਿਦਿਆਰਥੀਆਂ ਦੀ ਅਜਿਹੀ ਘਾੜਤ ਕਰੋ ਕਿ ਉਹ ਨਿੱਜੀ ਸੁੱਖਾਂ ਦਾ ਤਿਆਗ ਕਰਕੇ, ਜਥੇਬੰਦ ਕਾਫ਼ਲੇ ਵਿੱਚ ਸ੍ਵੈ-ਅਨੁਸ਼ਾਸਨ ਨਾਲ਼ ਸਮਾਜ ਪ੍ਰਤੀ ਆਪਣੀਆਂ ਜ਼ੁੰਮੇਵਾਰੀਆਂ ਪੂਰੀ ਤਨਦੇਹੀ ਅਤੇ ਜਵਾਬਦੇਹੀ ਨਾਲ਼ ਨਿਭਾਉਣ ਲਈ ਸਦਾ ਤਿਆਰ-ਬਰ-ਤਿਆਰ ਰਹਿਣ ਲਈ ਨੈਤਿਕ ਤੌਰ ਤੇ ਪਾਬੰਦ ਹੋ ਜਾਣ।

## ਸਰਬੋਤਮ ਪਾਠਸ਼ਾਲਾ ਦੀ ਸਿਰਜਣਾ ਲਈ ਪ੍ਰਸਤਾਵਿਤ ਹੋਰ ਮਹੱਤਵਪੂਰਨ ਕੰਮ

(1) **'ਗੁਰਮੁਖੀ ਲਿਪੀ' ਅਤੇ 'ਪੰਜਾਬੀ' ਮਾਂ-ਬੋਲੀ ਦਾ ਸਤਿਕਾਰ:** ਅੰਤਰਰਾਸ਼ਟਰੀ ਵਿਦਵਾਨਾਂ ਦਾ ਮੰਨਣਾ ਹੈ ਕਿ ਵਿਦਿਆਰਥੀਆਂ ਦੀ ਮੁਢਲੀ ਸਿੱਖਿਆ ਮਾਂ-ਬੋਲੀ ਵਿੱਚ ਹੀ ਸ਼ੁਰੂ ਹੋਣੀ ਚਾਹੀਦੀ ਹੈ।ਮਾਂ-ਬੋਲੀ

ਵਿੱਚ ਮੁਹਾਰਤ ਰੱਖਣ ਵਾਲ਼ੇ ਵਿਦਿਆਰਥੀਆਂ ਦਾ ਬੌਧਿਕ ਵਿਕਾਸ ਤੇਜ਼ੀ ਨਾਲ਼ ਹੁੰਦਾ ਹੈ ਅਤੇ ਵਿਦਿਆਰਥੀ ਦੂਜੀਆਂ ਭਾਸ਼ਾਵਾਂ ਅਤੇ ਵਿਸ਼ਿਆਂ ਨੂੰ ਛੇਤੀ ਸਮਝਣ ਦੇ ਕਾਬਲ ਹੋ ਜਾਂਦੇ ਹਨ। ਇਸ ਲਈ ਪਾਠਸ਼ਾਲਾ ਦੇ ਪਾਠ-ਕ੍ਰਮ ਵਿੱਚ 'ਗੁਰਮੁਖੀ ਲਿਪੀ' ਦੀ ਪੜ੍ਹਾਈ ਪਨੀਰੀ (Nursery) ਜਮਾਤ ਤੋਂ ਅਰੰਭ ਕਰੋ। ਚੇਤੇ ਰੱਖੋ ਕਿ 'ਗੁਰਮੁਖੀ ਲਿਪੀ' ਸਿਰਫ਼ ਸਾਡੀ ਮਾਂ-ਬੋਲੀ 'ਪੰਜਾਬੀ' ਦਾ ਅਧਾਰ ਹੀ ਨਹੀਂ ਹੈ, ਸਗੋਂ ਇਹ ਉਹ ਲਿਪੀ ਹੈ ਜਿਸ ਵਿੱਚ ਮਨੁੱਖਤਾ ਨੂੰ ਏਕਤਾ ਦੀ ਮਾਲ਼ਾ ਵਿੱਚ ਪਰੋ ਕੇ ਸਮੁੱਚੇ ਬ੍ਰਹਿਮੰਡ ਨੂੰ ਖ਼ੁਸ਼ਹਾਲ ਸਮਾਜ ਵਜੋਂ ਵਿਕਸਿਤ ਕਰਨ ਦੀਆਂ ਸਿੱਖਿਆਵਾਂ ਦਾ ਵੱਡਾ ਖਜ਼ਾਨਾ ਉਪਲਬਧ ਹੈ।

ਇਸ ਲਈ ਵਿਦਿਆਰਥੀਆਂ ਅੰਦਰ ਮਾਂ-ਬੋਲੀ ਪੰਜਾਬੀ ਨੂੰ ਬੋਲਣ, ਪੜ੍ਹਨ, ਲਿਖਣ ਅਤੇ ਪਿਆਰ ਕਰਨ ਲਈ ਵਿਸ਼ੇਸ਼ ਉਤਸ਼ਾਹ ਪੈਦਾ ਕਰੋ। ਦੂਸਰੀਆਂ ਬੋਲੀਆਂ ਦੀ ਸਿੱਖਿਆ ਵੀ ਦਿਓ, ਪਰ ਮਾਂ-ਬੋਲੀ ਲਈ 'ਮਾਂ' ਦਾ ਸਤਿਕਾਰ ਯਕੀਨੀ ਬਣਾਓ। ਇਸ ਮਨੋਰਥ ਦੀ ਪੂਰਤੀ ਲਈ:

- ❖ ਪਾਠਸ਼ਾਲਾ ਦੇ ਨਿਰੰਤਰ ਕਾਰ-ਵਿਹਾਰ ਦੌਰਾਨ ਵਿਦਿਆਰਥੀਆਂ ਅੰਦਰ ਸ਼ੁੱਧ ਪੰਜਾਬੀ ਬੋਲਣ ਦਾ ਉਤਸ਼ਾਹ ਪੈਦਾ ਕਰੋ। ਪੰਜਾਬੀ ਬੋਲਣ ਸਮੇਂ ਪੰਜਾਬੀ ਵਿੱਚ ਉਪਲਬਧ ਸ਼ਬਦਾਂ ਨੂੰ ਛੱਡ ਕੇ ਹੋਰ ਭਾਸ਼ਾਵਾਂ ਦੇ ਸ਼ਬਦਾਂ ਨਾਲ਼ ਮਿਲਗੋਭਾ ਕਰਨ ਦੇ ਮਾੜੇ ਰੁਝਾਨ ਨੂੰ ਰੋਕਣ ਲਈ ਜ਼ੁੰਮੇਵਾਰੀ ਨਾਲ਼ ਕੰਮ ਕਰੋ।
- ❖ ਪੰਜਾਬੀ ਵਿੱਚ ਸੁਨੇਹੇ ਲਿਖਣ ਸਮੇਂ ਗੁਰਮੁਖੀ ਲਿਪੀ ਦੀ ਵਰਤੋਂ ਯਕੀਨੀ ਬਣਾਓ।
- ❖ ਵਿਦਿਆਰਥੀਆਂ ਨੂੰ ਪੰਜਾਬੀ ਸਮੇਤ ਦੂਸਰੀਆਂ ਭਾਸ਼ਾਵਾਂ ਵਿੱਚ ਨਿਪੁੰਨ ਕਰਨ ਲਈ ਵੱਖ-ਵੱਖ ਭਾਸ਼ਾਵਾਂ ਦੀ ਜਮਾਤ ਵਿੱਚ ਸੰਬੰਧਿਤ ਭਾਸ਼ਾ ਵਿੱਚ ਗੱਲਬਾਤ ਕਰਨ ਲਈ ਉਤਸ਼ਾਹਿਤ ਕਰੋ।
- ❖ ਵਿਦਿਆਰਥੀਆਂ ਦੇ ਪੰਜਾਬੀ ਭਾਸ਼ਾ ਵਿੱਚ ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ ਕਰਵਾਓ।
- ❖ ਵਿਦਿਆਰਥੀਆਂ ਦੇ ਮਾਤਾ-ਪਿਤਾ ਨਾਲ਼ ਪੰਜਾਬੀ ਵਿੱਚ ਗੱਲ ਕਰੋ।
- ❖ ਪਾਠਸ਼ਾਲਾ ਦੀਆਂ ਸੂਚਨਾ ਅਤੇ ਨਾਮ ਤਖਤੀਆਂ ਉੱਪਰ ਪੰਜਾਬੀ ਨੂੰ ਪਹਿਲਾ ਅਤੇ ਪ੍ਰਮੁੱਖ ਸਥਾਨ ਦਿਓ।
- ❖ ਪੰਜਾਬੀ ਦੇ ਸ਼ਬਦ-ਜੋੜਾਂ ਦੀਆਂ ਗ਼ਲਤੀਆਂ ਪ੍ਰਤੀ ਲਾਪਰਵਾਹੀ ਨਾ ਵਰਤੋ।
- ❖ ਵਿਦਿਆਰਥੀਆਂ ਨੂੰ ਪੰਜਾਬੀ ਬੋਲੀ ਨੂੰ ਪਿਆਰ ਕਰਨ ਦਾ ਸੁਨੇਹਾ ਦਿੰਦੇ ਸੁਨੇਹੇ ਸ਼ਿੰਗਾਰ ਕੇ ਲਿਖਣ ਲਈ ਕਹੋ ਅਤੇ ਇਨ੍ਹਾਂ ਸੁਨੇਹਿਆਂ ਨੂੰ ਜਮਾਤ ਅਤੇ ਪਾਠਸ਼ਾਲਾ ਦੇ ਲਾਂਘੇ ਆਦਿ ਵਿੱਚ ਇਸ ਤਰ੍ਹਾਂ ਲਗਾਓ ਕਿ ਇਹ ਸੁਨੇਹੇ ਵਿਦਿਆਰਥੀਆਂ ਦੀ ਖਿੱਚ ਦਾ ਕੇਂਦਰ ਬਣੇ ਰਹਿਣ।

**(2) ਸਰਬ-ਸਾਂਝੀਵਾਲਤਾ ਅਤੇ ਹਰ ਮਨੁੱਖ ਵਿੱਚ ਇੱਕ ਰੱਬੀ ਜੋਤ ਦੇਖਣ ਦਾ ਅਭਿਆਸ:** ਪਾਠਸ਼ਾਲਾ ਦੀ ਇੱਕ ਮਹੱਤਵਪੂਰਨ ਜ਼ੁੰਮੇਵਾਰੀ ਵਿਦਿਆਰਥੀਆਂ ਅੰਦਰ ਸਰਬ-ਸਾਂਝੀਵਾਲਤਾ ਦੀ ਭਾਵਨਾ ਦਾ ਵਿਕਾਸ ਕਰਨਾ ਹੈ। ਯਕੀਨੀ ਬਣਾਓ ਕਿ ਉਹਨਾਂ ਦੇ ਮਨ ਵਿੱਚ ਕਿਸੇ ਵੀ ਮਨੁੱਖ ਪ੍ਰਤੀ ਧਰਮ, ਜਾਤ-ਪਾਤ, ਵਰਨ, ਰੰਗ, ਨਸਲ, ਭਾਸ਼ਾ, ਖੇਤਰ, ਲਿੰਗ ਜਾਂ ਕਿਸੇ ਹੋਰ ਅਧਾਰ 'ਤੇ ਨਫ਼ਰਤ, ਵਿਤਕਰਾ ਜਾਂ ਊਚ-ਨੀਚ ਦੀ ਭਾਵਨਾ ਨਾ ਰਹੇ। ਪਾਠਸ਼ਾਲਾ ਵਿੱਚ ਬਿਤਾਏ ਸਿੱਖਿਆ ਦੇ ਸਮੇਂ ਦੌਰਾਨ ਉਹਨਾਂ ਨੂੰ ਅਜਿਹਾ ਅਭਿਆਸ ਕਰਵਾਇਆ ਜਾਵੇ ਕਿ ਉਹ ਹਰ ਮਨੁੱਖ ਵਿੱਚ ਇੱਕ ਪਰਮਾਤਮਾ ਦੀ ਜੋਤ ਨੂੰ ਦੇਖਣ, ਸਮੁੱਚੀ ਮਨੁੱਖਤਾ ਨੂੰ ਇੱਕ ਪਰਿਵਾਰ ਵਜੋਂ ਸਵੀਕਾਰ ਕਰਨ, ਸਾਰਿਆਂ ਦਾ ਆਦਰ ਕਰਨ ਅਤੇ ਸਰਬ-ਸਾਂਝੀਵਾਲਤਾ ਨੂੰ ਆਪਣੇ ਜੀਵਨ ਅਤੇ ਵਿਵਹਾਰ ਦਾ ਅਟੁੱਟ ਹਿੱਸਾ ਬਣਾ ਲੈਣ।

ਇਹ ਅਭਿਆਸ ਇੰਨਾ ਪ੍ਰਭਾਵਸ਼ਾਲੀ ਹੋਵੇ ਕਿ ਹਰ ਵਿਦਿਆਰਥੀ ਅੰਦਰ ਨਫ਼ਰਤ, ਵਿਤਕਰਾ ਜਾਂ ਵੰਡ ਪੈਦਾ ਕਰਨ ਵਾਲ਼ੇ ਕਿਸੇ ਵੀ ਸਮਾਜ-ਵਿਰੋਧੀ ਯਤਨ ਨੂੰ ਆਪਣੇ ਬਿਬੇਕ ਨਾਲ਼ ਅਸਫਲ ਕਰਨ ਦੀ ਸਮਰੱਥਾ ਹੋਵੇ ਅਤੇ ਉਹ ਕਦੇ ਵੀ ਅਜਿਹੀ ਨਫ਼ਰਤ ਜਾਂ ਵੰਡ ਪੈਦਾ ਕਰਨ ਵਾਲ਼ੀ ਸੋਚ ਦੇ ਪ੍ਰਭਾਵ ਨੂੰ ਸਵੀਕਾਰ ਨਾ ਕਰਨ।

(3) **ਮਨ ਦੀ ਸ਼ਾਂਤੀ, ਇਕਾਗਰਤਾ ਅਤੇ ਆਤਮ-ਵਿਸ਼ਵਾਸ:** ਮਨ ਦੀ ਸ਼ਾਂਤੀ, ਇਕਾਗਰਤਾ ਅਤੇ ਆਤਮ-ਵਿਸ਼ਵਾਸ ਜੀਵਨ ਦੀ ਹਰ ਸਫਲਤਾ ਦੀ ਕੁੰਜੀ ਹਨ। ਅਸ਼ਾਂਤ ਅਤੇ ਚੰਚਲ ਮਨ ਨਾ ਤਾਂ ਗਿਆਨ ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰ ਸਕਦਾ ਹੈ, ਅਤੇ ਨਾ ਹੀ ਕਿਸੇ ਟੀਚੇ ਦੀ ਪ੍ਰਾਪਤੀ ਲਈ ਲੰਬੇ ਸਮੇਂ ਤੱਕ ਇਕਾਗਰ ਰਹਿ ਸਕਦਾ ਹੈ। ਇਸ ਲਈ ਮਨ ਉੱਤੇ ਕੰਮ ਕੀਤੇ ਬਿਨਾਂ ਸ਼ਖ਼ਸੀਅਤ ਦੀ ਉਸਾਰੀ ਸੰਭਵ ਨਹੀਂ ਹੈ।

ਦੁੱਖ ਦੀ ਗੱਲ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਵਿੱਚ ਮਨ ਦੀ ਸਿਖਲਾਈ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ, ਸਿੱਟੇ ਵਜੋਂ ਮਾਨਸਿਕ ਸਮੱਸਿਆਵਾਂ ਸਮਾਜ ਲਈ ਵਿਨਾਸ਼ਕਾਰੀ ਸਿੱਧ ਹੋ ਰਹੀਆਂ ਹਨ। ਬਹੁਤੇ ਵਿਦਿਆਰਥੀਆਂ ਨੂੰ ਤਾਂ ਇਹ ਵੀ ਪਤਾ ਨਹੀਂ ਹੁੰਦਾ ਕਿ ਮਨ ਨੂੰ ਵੀ ਸਿਖਲਾਈ ਦੀ ਲੋੜ ਹੁੰਦੀ ਹੈ ਅਤੇ ਇਸ ਨੂੰ ਸ਼ਾਂਤ, ਇਕਾਗਰ, ਸੰਤੁਲਿਤ ਅਤੇ ਦ੍ਰਿੜ੍ਹ ਕਿਵੇਂ ਰੱਖਿਆ ਜਾਂਦਾ ਹੈ? ਇਸੇ ਤਰ੍ਹਾਂ, ਬਹੁਤੇ ਅਧਿਆਪਕਾਂ ਨੂੰ ਵੀ ਮਨ ਨੂੰ ਸ਼ਾਂਤ ਅਤੇ ਇਕਾਗਰ ਰੱਖਣ ਦੀ ਸਿਖਲਾਈ ਅਤੇ ਮਾਰਗ-ਦਰਸ਼ਨ ਪ੍ਰਾਪਤ ਨਹੀਂ ਹੁੰਦਾ।

ਪਾਠਸ਼ਾਲਾ ਨੂੰ ਸਰਬੋਤਮ ਬਣਾਉਣ ਲਈ ਜ਼ਰੂਰੀ ਹੈ ਕਿ ਮਨ ਦੇ ਵਿਕਾਸ ਨੂੰ ਸਿੱਖਿਆ ਪ੍ਰਣਾਲੀ ਦਾ ਅਨਿੱਖੜਵਾਂ ਅੰਗ ਬਣਾਇਆ ਜਾਵੇ। ਇਸ ਕੰਮ ਨੂੰ ਕਿਸੇ ਇੱਕ ਵਿਸ਼ੇ ਜਾਂ ਇੱਕ ਅਧਿਆਪਕ ਦੀ ਜ਼ੁੰਮੇਵਾਰੀ ਨਾ ਸਮਝਿਆ ਜਾਵੇ, ਸਗੋਂ ਪਾਠਸ਼ਾਲਾ ਦਾ ਹਰ ਅਧਿਆਪਕ, ਹਰ ਗਤੀਵਿਧੀ ਸਮੇਂ ਵਿਦਿਆਰਥੀਆਂ ਦੇ ਮਨ ਨੂੰ ਸ਼ਾਂਤ, ਇਕਾਗਰ, ਸੰਤੁਲਿਤ ਅਤੇ ਚੜ੍ਹਦੀ ਕਲਾ ਵਿੱਚ ਰੱਖਣ ਲਈ ਨਿਰੰਤਰ ਕਾਰਜਸ਼ੀਲ ਹੋਵੇ।

ਇਸ ਉਦੇਸ਼ ਦੀ ਪ੍ਰਾਪਤੀ ਲਈ ਸਾਨੂੰ ਵਿਰਸੇ ਵਿੱਚ ਮਿਲੀ ਗੁਰਬਾਣੀ ਅਤੇ ਸਾਡਾ ਗੌਰਵਮਈ ਇਤਿਹਾਸ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਕਾਰਗਰ ਸਰੋਤ ਹਨ। ਪਰ ਇਹਨਾਂ ਨੂੰ ਸਿਰਫ਼ ਪੜ੍ਹਾਉਣ, ਗਵਾਉਣ, ਸੁਣਾਉਣ ਜਾਂ ਭਾਸ਼ਣ ਕਰਵਾਉਣ ਦੀ ਪ੍ਰਕਿਰਿਆ ਤੱਕ ਸੀਮਿਤ ਰੱਖ ਕੇ ਸਾਰਥਕ ਨਤੀਜੇ ਪ੍ਰਾਪਤ ਨਹੀਂ ਕੀਤੇ ਜਾ ਸਕਦੇ। ਵਿਦਿਆਰਥੀਆਂ ਨੂੰ ਗੁਰਬਾਣੀ ਅਤੇ ਇਤਿਹਾਸ ਦੀਆਂ ਸਿੱਖਿਆਵਾਂ ਨੂੰ ਜੀਵਨ ਵਿੱਚ ਕਮਾਉਣ ਦਾ ਨਿਰੰਤਰ ਅਭਿਆਸ ਕਰਵਾਇਆ ਜਾਵੇ। ਇਹ ਕੇਵਲ ਇੱਕ ਰਸਮ ਜਾਂ ਕਿਰਿਆ ਨਾ ਹੋਵੇ, ਸਗੋਂ ਇਸ ਦਾ ਅਸਲ ਪ੍ਰਭਾਵ ਵਿਦਿਆਰਥੀਆਂ ਦੇ ਸੁਭਾਅ, ਵਿਵਹਾਰ ਅਤੇ ਜੀਵਨ ਵਿੱਚ ਸਪੱਸ਼ਟ ਰੂਪ ਵਿੱਚ ਦਿਖਾਈ ਦੇਵੇ।

ਇਸ ਸਿਖਲਾਈ ਦੀ ਅਸਲ ਪਰਖ ਜਮਾਤ ਵਿੱਚ ਨਹੀਂ, ਸਗੋਂ ਜੀਵਨ ਦੀਆਂ ਚੁਣੌਤੀਆਂ ਅਤੇ ਔਖੀਆਂ ਸਥਿਤੀਆਂ ਵਿੱਚ ਹੁੰਦੀ ਹੈ। ਜਦੋਂ ਵੀ ਕਿਸੇ ਵਿਦਿਆਰਥੀ ਦੇ ਜੀਵਨ ਵਿੱਚ ਕੋਈ ਸਮੱਸਿਆ, ਅਸਫਲਤਾ, ਦਬਾਅ ਜਾਂ ਸੰਕਟ ਆਵੇ, ਤਾਂ ਉਹ ਅਡੋਲ ਰਹਿ ਕੇ ਬਿਬੇਕ ਅਤੇ ਆਤਮ-ਵਿਸ਼ਵਾਸ ਨਾਲ਼ ਉਸ ਦਾ ਸਾਹਮਣਾ ਕਰਨ ਦੇ ਯੋਗ ਹੋਵੇ। ਅਜਿਹੀ ਸਿੱਖਿਆ ਦਾ ਉਦੇਸ਼ ਅਜਿਹਾ ਮਜ਼ਬੂਤ, ਆਸ਼ਾਵਾਦੀ ਅਤੇ ਜ਼ੁੰਮੇਵਾਰ ਸਮਾਜ ਸਿਰਜਣਾ ਹੋਣਾ ਚਾਹੀਦਾ ਹੈ, ਜਿਸ ਵਿੱਚ ਜੀਵਨ ਦੀਆਂ ਔਖੀਆਂ ਤੋਂ ਔਖੀਆਂ ਸਥਿਤੀਆਂ ਵਿੱਚ ਵੀ ਮਨੁੱਖ ਹਿੰਮਤ, ਬਿਬੇਕ ਅਤੇ ਆਸ ਨਾਲ਼ ਅੱਗੇ ਵਧੇ, ਅਤੇ ਨਿਰਾਸ਼ਾ ਕਾਰਨ ਜੀਵਨ ਤਿਆਗਣ ਵਰਗੀਆਂ ਦੁਖਦਾਈ ਘਟਨਾਵਾਂ ਸਮਾਜ ਵਿੱਚੋਂ ਹੌਲ਼ੀ-ਹੌਲ਼ੀ ਸਮਾਪਤ ਹੋ ਜਾਣ।

(4) **ਤੰਦਰੁਸਤ ਸਿਹਤ ਅਤੇ ਆਤਮ ਰੱਖਿਆ:** ਤੰਦਰੁਸਤ ਸਰੀਰ ਹੀ ਤੰਦਰੁਸਤ ਸਮਾਜ ਦੀ ਸਿਰਜਣਾ ਕਰ ਸਕਦੇ ਹਨ। ਇਸ ਲਈ ਹਰ ਵਿਦਿਆਰਥੀ ਨੂੰ:

- ❖ ਪੌਸ਼ਟਿਕ ਭੋਜਨ ਛਕਣ ਅਤੇ ਰੋਜ਼ਾਨਾ ਕਸਰਤ ਕਰਨ ਲਈ ਦ੍ਰਿੜ੍ਹ ਕਰੋ।
- ❖ ਰਾਤ ਨੂੰ ਸਮੇਂ ਸਿਰ ਸੌਣ ਅਤੇ ਸਵੇਰ ਨੂੰ ਸਮੇਂ ਸਿਰ ਉੱਠਣ ਦੀ ਸਿੱਖਿਆ ਦਿਓ।
- ❖ ਸਰੀਰਕ ਤੰਦਰੁਸਤੀ ਲਈ ਗਿਆਨ ਅਤੇ ਸਿਖਲਾਈ ਦਿਓ।
- ❖ ਆਤਮ ਰੱਖਿਆ ਵਿਧੀਆਂ ਦੀ ਸਿਖਲਾਈ ਅਤੇ ਅਭਿਆਸ ਕਰਵਾਓ।
- ❖ ਹਰ ਵਿਦਿਆਰਥੀ ਨੂੰ ਕਿਸੇ ਨਾ ਕਿਸੇ ਖੇਡ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰੋ।

(5) **ਨਸ਼ਾ ਮੁਕਤ ਸਮਾਜ ਦੀ ਸਿਰਜਣਾ:** ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਭਾਸ਼ਣਾਂ ਅਤੇ ਨਾਅਰਿਆਂ ਤੱਕ ਸੀਮਤ ਨਾ ਰਹੋ ਅਤੇ ਹਰ ਵਿਦਿਆਰਥੀ ਤੇ ਵਿਸ਼ੇਸ਼ ਕੰਮ ਕਰੋ। ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਣੂ ਕਰਵਾਉਣ ਦੇ ਨਾਲ਼-ਨਾਲ਼ ਆਪਣੇ ਅਮੀਰ ਵਿਰਸੇ ਨਾਲ਼ ਜੋੜ ਕੇ ਯਕੀਨੀ ਬਣਾਓ ਕਿ ਪਾਠਸ਼ਾਲਾ ਦਾ ਕੋਈ ਵੀ ਵਿਦਿਆਰਥੀ ਜ਼ਿੰਦਗੀ ਵਿੱਚ ਕਦੀ ਵੀ ਨਸ਼ਾ ਨਾ ਕਰੇ। ਆਪਣੇ ਪਰਿਵਾਰ, ਰਿਸ਼ਤੇਦਾਰਾਂ ਅਤੇ ਮਿੱਤਰਾਂ ਨੂੰ ਪ੍ਰੇਰਨਾ ਕਰਕੇ ਨਸ਼ਿਆਂ ਦਾ ਤਿਆਗ ਕਰਨ ਲਈ ਬਚਨਬੱਧ ਕਰਨ ਵਾਲ਼ੇ ਵਿਦਿਆਰਥੀਆਂ ਨੂੰ ਪਾਠਸ਼ਾਲਾ ਦੇ ਸਮਾਗਮਾਂ ਸਮੇਂ ਸਨਮਾਨਿਤ ਕਰੋ।

(6) **ਕਿਰਤ ਸੱਭਿਆਚਾਰ:** ਵਿਦਿਆਰਥੀ ਨੂੰ ਘਰਾਂ ਵਿੱਚ ਮਾਤਾ-ਪਿਤਾ ਨਾਲ਼ ਅਤੇ ਪਾਠਸ਼ਾਲਾ ਵਿੱਚ ਅਧਿਆਪਕਾਂ ਨਾਲ਼ ਹੱਥੀਂ ਕੰਮ ਕਰਵਾਉਣ ਲਈ ਉਤਸ਼ਾਹਿਤ ਕਰੋ। ਪਾਠਸ਼ਾਲਾ ਵਿੱਚ ਹੱਥੀਂ ਕੰਮ ਕਰਨ ਦੇ ਮੁਕਾਬਲੇ ਕਰਵਾਓ। ਵਿਦਿਆਰਥੀਆਂ ਨੂੰ ਦ੍ਰਿੜ੍ਹ ਕਰਵਾਓ ਕਿ ਕਿਰਤ ਕਰਨ ਨਾਲ਼ ਹੱਥ ਸੋਹਣੇ ਹੁੰਦੇ ਹਨ। ਨਿਰੰਤਰ ਯਕੀਨੀ ਬਣਾਓ ਕਿ ਸਾਰੇ ਵਿਦਿਆਰਥੀ ਆਪੋ-ਆਪਣੇ ਕੰਮਾਂ ਨੂੰ ਘਰਾਂ ਵਿੱਚ ਆਪਣੇ ਹੱਥੀਂ ਉਤਸ਼ਾਹ ਨਾਲ਼ ਕਰਨ। ਜੇ ਘਰ ਵਿੱਚ ਘਰੇਲੂ ਬਗੀਚੀਆਂ ਸਥਾਪਿਤ ਕਰਵਾਈਆਂ ਜਾ ਸਕਣ ਤਾਂ ਸਿਹਤ ਦੀ ਸੰਭਾਲ਼ ਅਤੇ ਕਿਰਤ ਸੱਭਿਆਚਾਰ ਦੀ ਪ੍ਰਫੁਲਿਤਾ ਲਈ ਅਤਿ ਲਾਹੇਵੰਦ ਸਿੱਧ ਹੋਣਗੀਆਂ। ਵਧੀਆ ਘਰੇਲੂ ਬਗੀਚੀ ਸਥਾਪਿਤ ਕਰਨ ਅਤੇ ਮਾਤਾ-ਪਿਤਾ ਨਾਲ਼ ਪਰਿਵਾਰ ਵਿੱਚ ਜ਼ੁੰਮੇਵਾਰੀਆਂ ਨਿਭਾਉਣ ਵਾਲ਼ੇ ਵਿਦਿਆਰਥੀਆਂ ਨੂੰ ਪਾਠਸ਼ਾਲਾ ਦੇ ਸਾਲਾਨਾ ਸਮਾਗਮ ਸਮੇਂ ਸਨਮਾਨਿਤ ਕਰੋ।

(7) **ਸਾਦਾ ਜੀਵਨ, ਪਹਿਰਾਵਾ ਅਤੇ ਰਹਿਣ ਸਹਿਣ:** ਲੋਕਾਚਾਰੀ ਅਤੇ ਝੂਠੇ ਦਿਖਾਵੇ ਦੀ ਅੰਨ੍ਹੀ ਦੌੜ ਕਾਰਨ ਸਮਾਜ ਦੀ ਮੱਤ ਨਿਰੰਤਰ ਨਿਵਾਣ ਵੱਲ ਜਾ ਰਹੀ ਹੈ। ਸਿੱਟੇ ਵਜੋਂ ਪੈਦਾ ਹੋ ਰਹੀਆਂ ਅਨੇਕਾਂ ਸਮੱਸਿਆਵਾਂ ਸਮਾਜ ਲਈ ਵਿਨਾਸ਼ਕਾਰੀ ਸਾਬਤ ਹੋ ਰਹੀਆਂ ਹਨ। ਇਹਨਾਂ ਚੁਣੌਤੀਆਂ ਦੇ ਹੱਲ ਲਈ ਵਿਦਿਆਰਥੀਆਂ ਅੰਦਰ ਸਾਦਗੀ ਭਰਿਆ ਜੀਵਨ ਜਿਊਂਣ , ਉੱਚੀ ਸੋਚ ਅਪਣਾਉਣ ਅਤੇ ਮਨ ਨੂੰ ਨਿਮਰ ਰੱਖਣ ਦੀ ਜਗਿਆਸਾ ਪ੍ਰਬਲ ਕਰਨੀ ਅਤਿ ਜ਼ਰੂਰੀ ਹੈ। ਜੇਕਰ ਅਧਿਆਪਕ ਸਾਹਿਬਾਨ ਅਤੇ ਸਮਾਜ ਦੇ ਸੂਝਵਾਨ ਨਾਗਰਿਕ ਆਪਣੇ ਪਰਿਵਾਰਿਕ ਸਮਾਗਮ ਸਾਦਗੀ ਨਾਲ਼ ਕਰਨ, ਪਹਿਰਾਵੇ ਅਤੇ ਜੀਵਨ ਸ਼ੈਲੀ ਵਿੱਚ ਸੰਜਮ ਅਤੇ ਸਾਦਗੀ ਅਪਣਾਉਣ ਅਤੇ ਵਿਦਿਆਰਥੀਆਂ ਅੰਦਰ ਉੱਚੇ ਅਹੁਦਿਆਂ ਤੇ ਪਹੁੰਚ ਕੇ ਵੀ ਸਾਦਾ, ਸੱਭਿਅਕ ਅਤੇ ਨਿਮਰ ਜੀਵਨ ਜਿਊਂਣ ਦੀ ਰੁਚੀ ਪ੍ਰਫੁਲਿਤ ਕਰ ਸਕਣ ਤਾਂ ਇਹ ਸਿਹਤਮੰਦ ਸਮਾਜ ਦੀ ਘਾੜਤ ਲਈ ਬਹੁਤ ਲਾਹੇਵੰਦ ਹੋਵੇਗਾ। ਇਸ ਭਾਵਨਾ ਨੂੰ ਅਮਲ ਵਿੱਚ ਲਿਆਉਣ ਲਈ ਸਮੂਹ ਅਧਿਆਪਕਾਂ ਨੂੰ ਆਪਣੇ-ਆਪ ਨੂੰ ਚਾਨਣ-ਮੁਨਾਰਾ ਬਣਾ ਕੇ ਵਿਦਿਆਰਥੀਆਂ ਦੀ ਸੋਚ ਨੂੰ ਦਿਸ਼ਾ ਦੇਣ ਲਈ ਕਾਰਜਸ਼ੀਲ ਕਰੋ।

(8) **ਕਲਾ ਅਤੇ ਹੁਨਰ ਦਾ ਵਿਕਾਸ:** ਵਿਦਿਆਰਥੀਆਂ ਅੰਦਰ ਨਿੱਜੀ ਜੀਵਨ, ਰੋਜ਼ਗਾਰ ਅਤੇ ਸਮਾਜ ਸੇਵਾ ਲਈ ਲੋੜੀਂਦੀ ਕਲਾ ਅਤੇ ਹੁਨਰ ਦੇ ਵਿਕਾਸ ਨੂੰ ਵਿਸ਼ੇਸ਼ ਤਰਜੀਹ ਦਿਓ। ਵਿਦਿਆਰਥੀਆਂ ਦੀ ਰੁਚੀ, ਯੋਗਤਾ ਅਤੇ ਕੁਦਰਤੀ ਪ੍ਰਤਿਭਾ ਦੀ ਪਛਾਣ ਕਰਕੇ ਉਹਨਾਂ ਦੇ ਮਨਭਾਉਂਦੇ ਖੇਤਰ ਵਿੱਚ ਹੁਨਰ ਵਿਕਸਿਤ ਕਰਨ ਲਈ ਮਾਰਗ-ਦਰਸ਼ਨ ਕਰੋ। ਹਰ ਵਿਦਿਆਰਥੀ ਨੂੰ ਘੱਟੋ-ਘੱਟ ਇੱਕ ਅਜਿਹੇ ਹੁਨਰ ਵਿੱਚ ਕਾਬਲੀਅਤ ਅਤੇ ਨਿਪੁੰਨਤਾ ਹਾਸਲ ਕਰਨ ਲਈ ਉਤਸ਼ਾਹਿਤ ਕਰੋ, ਜੋ ਉਸ ਨੂੰ ਆਤਮ-ਵਿਸ਼ਵਾਸੀ, ਸ੍ਵੈ-ਨਿਰਭਰ ਅਤੇ ਸਮਾਜ ਲਈ ਲਾਭਦਾਇਕ ਮਨੁੱਖ ਬਣਾਉਣ ਵਿੱਚ ਸਹਾਇਕ ਹੋਵੇ।

ਉਦਾਹਰਨ ਵਜੋਂ ਸੰਗੀਤ, ਚਿੱਤਰਕਾਰੀ, ਲਿਖਣ ਕਲਾ, ਜਨਤਕ ਭਾਸ਼ਣ, ਅਧਿਆਪਨ, ਖੇਤੀਬਾੜੀ, ਬਾਗਬਾਨੀ, ਬਿਜਲੀ ਕਾਰੀਗਰ, ਤਰਖਾਣ, ਜਲ-ਪ੍ਰਣਾਲੀ ਮਿਸਤਰੀ (plumber), ਸਿਲਾਈ-ਕਢਾਈ, ਚਿੱਤਰਕਾਰੀ, ਤਸਵੀਰਕਾਰੀ (photography), ਚਲ-ਚਿੱਤਰਕਾਰੀ (videography), ਚਲ-ਚਿੱਤਰ ਸੰਪਾਦਨ (video editing), ਰੂਪ-ਯੋਜਨਾਕਾਰੀ (designing), ਉੱਦਮਤਾ (entrepreneurship), ਖੇਡਾਂ, ਮੁੱਢਲੀ ਸਿਹਤ ਸੇਵਾ, ਸੰਚਾਰ ਕਲਾ, ਅਗਵਾਈ ਕਲਾ, ਸਮੱਸਿਆ-ਹੱਲ, ਵਿੱਤੀ ਸਾਖਰਤਾ ਅਤੇ ਹੋਰ ਜੀਵਨ-ਉਪਯੋਗੀ ਹੁਨਰਾਂ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

ਇਸ ਸੂਚੀ ਦਾ ਉਦੇਸ਼ ਹੁਨਰ ਕਲਾ ਨੂੰ ਇੱਥੋਂ ਤੱਕ ਸੀਮਿਤ ਕਰਨਾ ਨਹੀਂ, ਸਗੋਂ ਇਹ ਦਰਸਾਉਣਾ ਹੈ ਕਿ ਬੌਧਿਕ, ਰਚਨਾਤਮਿਕ, ਤਕਨੀਕੀ, ਵਿਹਾਰਿਕ ਜਾਂ ਹੋਰ ਕਿਸਮ ਦੇ ਸਾਰੇ ਹੁਨਰ ਵਿਦਿਆਰਥੀ ਦੇ ਸਰਬਪੱਖੀ ਵਿਕਾਸ ਦਾ ਹਿੱਸਾ ਹੋ ਸਕਦੇ ਹਨ।ਅਧਿਆਪਕ ਸਾਹਿਬਾਨ ਆਪਣੇ ਸਥਾਨਕ ਹਾਲਾਤਾਂ ਅਨੁਸਾਰ ਵਿਦਿਆਰਥੀਆਂ ਅੰਦਰ ਇਸ ਤੋਂ ਬਿਨਾਂ ਕੋਈ ਵੀ ਹੋਰ ਉਚਿਤ ਹੁਨਰ ਨੂੰ ਵਿਕਸਿਤ ਕਰ ਸਕਦੇ ਹਨ।

(9) **ਆਧੁਨਿਕ ਸੂਚਨਾ ਅਤੇ ਸੰਚਾਰ ਪ੍ਰਣਾਲੀਆਂ ਦੀ ਸਿਖਲਾਈ:** ਆਧੁਨਿਕ ਯੁੱਗ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਹਰੇਕ ਵਿਦਿਆਰਥੀ ਨੂੰ ਅੰਕਾਖਰਕ (computer), ਜਾਲ਼-ਤੰਤਰ (internet), ਬਿਜਲਈ ਸੰਚਾਰ (electronic communication), ਅੰਕੜਾ ਪ੍ਰਬੰਧਨ (data management), ਅੰਕ-ਜਗਤ ਸੁਰੱਖਿਆ (cyber security), ਬਣਾਵਟੀ ਅਕਲ (Artificial intelligence) ਅਤੇ ਉੱਭਰ ਰਹੀਆਂ ਹੋਰ ਸੂਚਨਾ ਅਤੇ ਸੰਚਾਰ ਪ੍ਰਣਾਲੀਆਂ ਦੀ ਸੁਰੱਖਿਅਤ, ਜ਼ੁੰਮੇਵਾਰ ਅਤੇ ਨੈਤਿਕ ਵਰਤੋਂ ਦਾ ਵਿਹਾਰਿਕ ਗਿਆਨ ਦੇਣ ਦਾ ਪ੍ਰਬੰਧ ਕਰੋ, ਤਾਂ ਜੋ ਉਹ ਬਦਲਦੇ ਸਮੇਂ ਦੇ ਅਨੁਕੂਲ ਆਤਮ-ਵਿਸ਼ਵਾਸ ਨਾਲ਼ ਜੀਵਨ, ਸਿੱਖਿਆ ਅਤੇ ਰੋਜ਼ਗਾਰ ਦੇ ਖੇਤਰ ਵਿੱਚ ਆਪਣੀ ਭੂਮਿਕਾ ਨਿਭਾ ਸਕਣ।

(10) **ਵਿਦਿਆਰਥੀਆਂ ਦੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਦੀ ਵਿਸ਼ੇਸ਼ ਸਿਖਲਾਈ:** ਵਿਦਿਆਰਥੀ ਦੀ ਸ਼ਖ਼ਸੀਅਤ ਦਾ ਸਰਬਪੱਖੀ ਵਿਕਾਸ ਨਿਸ਼ਚਿਤ ਕਰਨ ਲਈ ਅਧਿਆਪਕ ਅਤੇ ਵਿਦਿਆਰਥੀ ਦੇ ਪਰਿਵਾਰ ਦੀ ਸਾਂਝੀ ਭੂਮਿਕਾ ਹੁੰਦੀ ਹੈ।ਵਿਦਿਆਰਥੀਆਂ ਦੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਨੂੰ ਪਰਿਵਾਰਾਂ ਵਿੱਚ ਬੱਚਿਆਂ ਦੀ ਸ਼ਖ਼ਸੀਅਤ ਦੇ ਵਿਕਾਸ ਲਈ ਆਪਣੀ ਭੂਮਿਕਾ ਨਿਭਾਉਣ ਲਈ ਆਤਮ ਪਰਗਾਸ ਵੱਲੋਂ ਤਿਆਰ ਕੀਤੇ ਜਾਂਦੇ ਰੋਜ਼ਾਨਾ ਸਬਕ ਵਟਸਐਪ ਜੁੱਟ (Group) ਰਾਹੀਂ ਭੇਜੋ ਅਤੇ ਉਹਨਾਂ ਨੂੰ ਰਾਤ ਨੂੰ ਸੌਣ ਤੋਂ ਪਹਿਲਾਂ ਬੱਚਿਆਂ ਨਾਲ਼ 15-20 ਮਿੰਟ ਬੈਠ ਕੇ ਇਹ ਸਬਕ ਪੜ੍ਹਨ, ਸੁਣਨ ਅਤੇ ਵਿਚਾਰਨ ਦੀ ਪ੍ਰੇਰਨਾ ਕਰੋ।ਸਮੇਂ-ਸਮੇਂ ਤੇ ਵਿਦਿਆਰਥੀਆਂ ਦੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਨਾਲ਼ ਉਤਸ਼ਾਹ ਭਰਪੂਰ ਮਿਲਣੀਆਂ ਦਾ ਆਯੋਜਨ ਅਤਿ ਲਾਭਕਾਰੀ ਸਿੱਧ ਹੁੰਦਾ ਹੈ।

(11) **ਕੁਦਰਤ ਦੀ ਸੰਭਾਲ਼:** ਪਾਠਸ਼ਾਲਾ ਨੂੰ ਹਰਿਆ-ਭਰਿਆ ਰੱਖੋ ਅਤੇ ਵਿਦਿਆਰਥੀਆਂ ਅੰਦਰ ਕੁਦਰਤੀ ਸਾਧਨਾਂ ਦੀ ਸੰਭਾਲ਼ ਕਰਨ ਅਤੇ ਵਾਤਾਵਰਨ ਦੇ ਪ੍ਰਦੂਸ਼ਣ ਦੀ ਰੋਕਥਾਮ ਕਰਨ ਲਈ ਦ੍ਰਿੜ੍ਹਤਾ ਪੈਦਾ ਕਰੋ।ਕੁਦਰਤ ਦੀ ਸੰਭਾਲ਼ ਲਈ ਲੋਕ ਲਹਿਰ ਪੈਦਾ ਕਰਨ ਦੇ ਵਿਸ਼ੇ ਨੂੰ ਪਾਠਸ਼ਾਲਾ ਦੇ ਹਰ ਸਮਾਗਮ ਅਤੇ ਇਕੱਤਰਤਾ ਸਮੇਂ ਵਿਚਾਰ ਅਧੀਨ ਰੱਖੋ।ਇਸ ਮਨੋਰਥ ਦੀ ਪੂਰਤੀ ਲਈ ਪਾਠਸ਼ਾਲਾ ਦੇ ਸਾਰੇ ਅਧਿਆਪਕ ਅਤੇ ਵਿਦਿਆਰਥੀ ਪਾਠਸ਼ਾਲਾ ਵਿੱਚ ਅਤੇ ਆਪੋ-ਆਪਣੇ ਪਰਿਵਾਰਾਂ ਵਿੱਚ ਘੱਟੋ-ਘੱਟ ਹੇਠ ਲਿਖੇ ਕੰਮ ਯਕੀਨੀ ਬਣਾਉਣ:

- **ਪਾਣੀ ਦੀ ਸੰਜਮ ਨਾਲ਼ ਵਰਤੋਂ:** ਪਾਣੀ ਦੀ ਸੰਜਮ ਨਾਲ਼ ਵਰਤੋਂ ਲਈ ਸਦਾ ਸਾਵਧਾਨ ਰਹੋ ਅਤੇ ਹਰ ਕੰਮ (ਦੰਦ ਸਾਫ਼ ਕਰਨ, ਹੱਥ ਧੋਣ, ਨਹਾਉਣ, ਸਕੂਟਰ/ਕਾਰ ਸਾਫ਼ ਕਰਨ, ਕੱਪੜੇ ਧੋਣ, ਬਗੀਚੀ ਨੂੰ ਪਾਣੀ ਲਾਉਣ, ਖੇਤ ਨੂੰ ਪਾਣੀ ਲਾਉਣ ਆਦਿ) ਸਮੇਂ ਪਾਣੀ ਦੀ ਸੰਜਮ ਨਾਲ਼ ਵਰਤੋਂ ਕਰੋ।

- **ਦਰਖ਼ਤਾਂ ਦੀ ਲੁਆਈ ਅਤੇ ਸੰਭਾਲ਼:** ਪਾਠਸ਼ਾਲਾ ਦੇ ਹਰ ਵਿਦਿਆਰਥੀ ਨੂੰ ਘੱਟੋ-ਘੱਟ ਇੱਕ ਬੂਟਾ ਤੋਹਫ਼ੇ ਵਜੋਂ ਦੇ ਕੇ ਇਸ ਨੂੰ ਪਾਲ਼ਣ ਅਤੇ ਦਰਖ਼ਤ ਬਣਾਉਣ ਦੀ ਸਿੱਖਿਆ ਦਿਓ।ਵਿਦਿਆਰਥੀ ਨੂੰ ਇਸ ਬੂਟੇ ਨੂੰ ਲਗਾਉਣ ਸਮੇਂ ਦੀ ਤਸਵੀਰ ਯਾਦ-ਸੰਗ੍ਰਹਿ (album) ਵਿੱਚ ਲਗਾਉਣ ਲਈ ਕਹੋ।ਹਰ ਸਾਲ ਵਿਦਿਆਰਥੀ ਆਪਣੇ ਜਨਮ ਦਿਨ ਸਮੇਂ ਇਸ ਦਰਖ਼ਤ ਨਾਲ਼ ਆਪਣੀ ਨਵੀਂ ਤਸਵੀਰ ਖਿੱਚ ਕੇ ਯਾਦ-ਸੰਗ੍ਰਹਿ ਵਿੱਚ ਲਗਾਵੇ।ਵਿਦਿਆਰਥੀ ਨੂੰ ਸਾਲਾਨਾ ਇਮਤਿਹਾਨ ਵਿੱਚੋਂ ਸਫਲ ਘੋਸ਼ਿਤ ਕਰਨ ਸਮੇਂ ਅਧਿਆਪਕ ਇਸ ਯਾਦ-ਸੰਗ੍ਰਹਿ ਦਾ ਨਿਰੀਖਣ ਕਰਕੇ ਇਸ ਉੱਪਰ ਆਪਣੇ ਦਸਤਖ਼ਤ ਕਰੇ।ਸਾਰੇ ਅਧਿਆਪਕ ਵਿਦਿਆਰਥੀਆਂ ਨੂੰ ਸਮੇਂ-ਸਮੇਂ 'ਤੇ ਦਰਖ਼ਤਾਂ ਦੀ ਸੰਭਾਲ਼ ਲਈ ਪ੍ਰੇਰਨਾ ਕਰਦੇ ਰਹਿਣ।

- **ਨਾ-ਗ਼ਲਨਯੋਗ ਸਮੱਗਰੀ ਦੀ ਵਰਤੋਂ ਤੋਂ ਗੁਰੇਜ਼:** ਪਾਠਸ਼ਾਲਾ ਵਿੱਚ ਮੋਮਜਾਮੇ ਦੇ ਲਫ਼ਾਫੇ, ਪਲਾਸਟਿਕ ਦੀਆਂ ਬੋਤਲਾਂ ਅਤੇ ਹੋਰ ਨਾ-ਗ਼ਲਨਯੋਗ ਸਮੱਗਰੀ ਦੀ ਵਰਤੋਂ ਬਿਲਕੁਲ ਨਾ

ਕਰੋ। ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਆਪੋ-ਆਪਣੇ ਘਰਾਂ ਦੇ ਕਾਰ-ਵਿਹਾਰ ਅਤੇ ਖ਼ਰੀਦੋ-ਫ਼ਰੋਖਤ ਕਰਨ ਸਮੇਂ ਵੀ ਮੋਮਜਾਮੇ ਦੀ ਥਾਂ ਕੱਪੜੇ ਦੇ ਥੈਲੇ ਵਰਤਣ ਦੀ ਪ੍ਰੇਰਨਾ ਕਰੋ।

- ❖ **ਪੰਛੀਆਂ ਦੀ ਸੰਭਾਲ਼:** ਨਕਲੀ ਆਲ੍ਹਣਿਆਂ ਦੀ ਵਰਤੋਂ ਨਾ ਕਰੋ ਅਤੇ ਪੰਛੀਆਂ ਨੂੰ ਆਲ੍ਹਣੇ ਪਾਉਣ ਲਈ ਦਰਖ਼ਤਾਂ ਦੀ ਸੰਭਾਲ਼ ਕਰੋ। ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਆਪੋ-ਆਪਣੇ ਘਰਾਂ ਵਿੱਚ ਪੰਛੀਆਂ ਲਈ ਪਾਣੀ ਅਤੇ ਅਨਾਜ ਦਾ ਪ੍ਰਬੰਧ ਕਰਨ ਦੀ ਪ੍ਰੇਰਨਾ ਕਰੋ।

- ❖ **ਕੁਦਰਤੀ ਖੇਤੀ ਨੂੰ ਉਤਸ਼ਾਹ:** ਪਾਠਸ਼ਾਲਾ ਵਿੱਚ ਪੜ੍ਹ ਰਹੇ ਕਿਸਾਨ ਪਰਿਵਾਰਾਂ ਦੇ ਬੱਚਿਆਂ ਨੂੰ ਉਤਪਾਦਨ ਖਰਚ ਘਟਾਉਣ, ਭੂਮੀ ਦੀ ਸਿਹਤ ਬਣਾਉਣ ਅਤੇ ਪ੍ਰਦੂਸ਼ਣ ਦੀ ਰੋਕਥਾਮ ਲਈ ਖੇਤੀਬਾੜੀ ਵਿੱਚ ਬੇਲੋੜੇ ਰਸਾਇਣਾਂ ਦੀ ਵਰਤੋਂ ਤੋਂ ਗੁਰੇਜ਼ ਕਰਨ, ਫ਼ਸਲਾਂ ਦੇ ਨਾੜ ਨੂੰ ਅੱਗ ਨਾ ਲਗਾ ਕੇ ਉੱਨਤ ਖੇਤੀ ਵਿਧੀਆਂ ਨੂੰ ਅਪਣਾਉਣ, ਰਸੋਈ/ਫ਼ਸਲਾਂ ਦੀ ਰਹਿੰਦ-ਖੂੰਹਦ, ਪਸ਼ੂਆਂ ਦੇ ਗੋਹੇ/ਪਿਸ਼ਾਬ ਅਤੇ ਹੋਰ ਜੈਵਿਕ ਮਾਦੇ ਨੂੰ ਖੇਤੀਬਾੜੀ ਜਾਂ ਘਰੇਲੂ ਬਗੀਚੀ ਵਿੱਚ ਹੀ ਵਰਤਣ ਅਤੇ ਕੁਦਰਤੀ ਖੇਤੀ ਕਰਨ ਲਈ ਉਤਸ਼ਾਹਿਤ ਕਰੋ। ਸਮੇਂ-ਸਮੇਂ ਵਿਦਿਆਰਥੀਆਂ ਨੂੰ ਇਸ ਸੰਬੰਧੀ ਜਾਗਰੂਕ ਕਰਨ ਲਈ ਵਿਦਵਾਨਾਂ ਦੀਆਂ ਵਿਸ਼ੇਸ਼ ਵਿਚਾਰ-ਚਰਚਾਵਾਂ ਅਤੇ ਕਾਰਜਸ਼ਾਲਾਵਾਂ ਦਾ ਆਯੋਜਨ ਕਰੋ।

- ❖ **ਮੀਂਹ ਦੇ ਪਾਣੀ ਦੀ ਸੰਭਾਲ਼:** ਮੀਂਹ ਦੇ ਪਾਣੀ ਦੀ ਸੰਭਾਲ਼ ਲਈ ਪਾਠਸ਼ਾਲਾ ਵਿੱਚ ਉਚੇਚਾ ਪ੍ਰਬੰਧ ਕਰੋ। ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਹ ਪ੍ਰਬੰਧ ਦਿਖਾਓ ਅਤੇ ਆਪੋ-ਆਪਣੇ ਘਰਾਂ ਵਿੱਚ ਵੀ ਮੀਂਹ ਦੇ ਪਾਣੀ ਦੀ ਸੰਭਾਲ਼ ਕਰਨ ਲਈ ਪ੍ਰੇਰਨਾ ਕਰੋ।

- ❖ **ਊਰਜਾ ਦੀ ਬੱਚਤ:** ਵਿਦਿਆਰਥੀਆਂ ਨੂੰ ਬਿਜਲੀ, ਪੈਟਰੋਲ, ਡੀਜ਼ਲ ਅਤੇ ਊਰਜਾ ਦੇ ਹੋਰ ਕੁਦਰਤੀ ਸੋਮਿਆਂ ਦੀ ਬੱਚਤ ਲਈ ਪ੍ਰੇਰਿਤ ਕਰੋ। ਪਾਠਸ਼ਾਲਾ ਵਿੱਚ ਸੂਰਜੀ ਊਰਜਾ ਦੀ ਵਰਤੋਂ ਲਈ ਪ੍ਰਬੰਧ ਕਰੋ ਅਤੇ ਵਿਦਿਆਰਥੀਆਂ ਨੂੰ ਇਸ ਦੀ ਜਾਣਕਾਰੀ ਦਿਓ। ਛੋਟੇ ਸਫ਼ਰ ਲਈ ਸਕੂਟਰ/ਮੋਟਰ ਸਾਈਕਲ/ਕਾਰ ਦੀ ਥਾਂ ਤੇ ਸਾਈਕਲ ਦੀ ਵਰਤੋਂ ਕਰੋ ਜਾਂ ਪੈਦਲ ਸਫ਼ਰ ਕਰੋ। ਜਿੱਥੋਂ ਤੱਕ ਸੰਭਵ ਹੋਵੇ ਲੰਬੇ ਸਫ਼ਰ ਲਈ ਰੇਲ ਗੱਡੀ ਜਾਂ ਬੱਸ ਵਿੱਚ ਸਫ਼ਰ ਕਰੋ ਤਾਂ ਜੋ ਵਾਤਾਵਰਨ ਦਾ ਪ੍ਰਦੂਸ਼ਨ ਘਟਾਇਆ ਜਾ ਸਕੇ।

- ❖ **ਹਵਾਦਾਰ ਇਮਾਰਤਾਂ ਦੀ ਉਸਾਰੀ:** ਪਾਠਸ਼ਾਲਾ ਵਿੱਚ ਇਮਾਰਤ ਦਾ ਨਕਸ਼ਾ ਇਸ ਤਰ੍ਹਾਂ ਬਣਾਓ ਕਿ ਕਮਰਿਆਂ ਵਿੱਚ ਕੁਦਰਤੀ ਰੋਸ਼ਨੀ ਅਤੇ ਤਾਜ਼ੀ ਹਵਾ ਉਪਲੱਬਧ ਹੋਵੇ। ਤਾਜ਼ੀ ਹਵਾ ਦੀ ਅਣਹੋਂਦ ਵਾਲ਼ੇ ਬੰਦ ਠੰਢੇ ਕਮਰੇ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਨੂੰ ਵਧਾਉਂਦੇ ਹਨ। ਵਿਦਿਆਰਥੀਆਂ ਨੂੰ ਆਪਣੇ ਘਰਾਂ ਦੀ ਉਸਾਰੀ ਸਮੇਂ ਵੀ ਇਹਨਾਂ ਗੱਲਾਂ ਦਾ ਧਿਆਨ ਰੱਖਣ ਦੀ ਸਿੱਖਿਆ ਦਿਓ।

- ❖ **ਕੂੜੇ ਦਾ ਯੋਗ ਪ੍ਰਬੰਧ:** ਪਾਠਸ਼ਾਲਾ ਵਿੱਚ ਗ਼ਲਨਯੋਗ ਅਤੇ ਨਾ-ਗ਼ਲਨਯੋਗ ਕੂੜੇ ਲਈ ਵੱਖੋ-ਵੱਖਰੇ ਕੂੜਾ ਦਾਨ ਵਰਤੋ। ਕੂੜੇ ਨੂੰ ਦਰਿਆਵਾਂ ਦੇ ਪਾਣੀ ਵਿੱਚ ਨਾ ਸੁੱਟੋ। ਵਿਦਿਆਰਥੀਆਂ ਨੂੰ ਗ਼ਲਨਯੋਗ ਸਮੱਗਰੀ ਦੀ ਖਾਦ ਬਣਾਉਣ ਅਤੇ ਪਾਠਸ਼ਾਲਾ ਦੀਆਂ ਕਿਆਰੀਆਂ ਅਤੇ ਦਰਖਤਾਂ ਨੂੰ ਪਾਉਣ ਦੀ ਸਿਖਲਾਈ ਦਿਓ ਅਤੇ ਇਹ ਵਿਧੀ ਘਰਾਂ ਵਿੱਚ ਅਪਣਾਉਣ ਲਈ ਵੀ ਜਾਗਰੂਕ ਕਰੋ। ਨਾ-ਗ਼ਲਨਯੋਗ ਸਮੱਗਰੀ ਨੂੰ ਕੂੜੇ ਵਿੱਚ ਸੁੱਟਣ ਦੀ ਥਾਂ ਇਸ ਦੀ ਮੁੜ ਵਰਤੋਂ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰੋ।

## ਸਰਬੋਤਮ ਪਾਠਸ਼ਾਲਾ ਦੀ ਸਿਰਜਣਾ ਲਈ ਪ੍ਰਸਤਾਵਿਤ ਗਤੀਵਿਧੀਆਂ ਅਤੇ ਸਮਾਗਮ

(1) **ਵਿਸ਼ੇਸ਼ ਵਿੱਦਿਅਕ ਕਾਰਜਸ਼ਾਲਾਵਾਂ ਦਾ ਆਯੋਜਨ:** ਪਾਠਸ਼ਾਲਾ ਦੇ ਸਮੂਹ ਅਧਿਆਪਕਾਂ ਨੂੰ ਆਤਮ ਪਰਗਾਸ ਉਦੇਸ਼ ਅਨੁਸਾਰ ਵਿਦਿਆਰਥੀਆਂ ਦੀ ਸ਼ਖ਼ਸੀਅਤ ਨੂੰ ਸਚਿਆਰ ਮਨੁੱਖਾਂ ਵਜੋਂ ਘੜਨ ਲਈ ਕਾਰਜਸ਼ੀਲ ਕਰਨ ਲਈ ਵਿਸ਼ੇਸ਼ ਵਿੱਦਿਅਕ ਕਾਰਜਸ਼ਾਲਾਵਾਂ ਦਾ ਆਯੋਜਨ ਕਰੋ।

ਵਿਸ਼ੇਸ਼ ਟਿੱਪਣੀ: ਨਵੇਂ ਭਰਤੀ ਹੋਣ ਵਾਲ਼ੇ ਹਰ ਅਧਿਆਪਕ ਨੂੰ ਆਤਮ ਪਰਗਾਸ ਯੂ-ਟਿਊਬ ਚੈਨਲ ਤੇ ਉਪਲਬਧ ਹੇਠ ਲਿਖੇ ਪ੍ਰੇਰਨਾਮਈ ਵੀਡੀਓ ਸੁਣਨ ਲਈ ਉਤਸ਼ਾਹਿਤ ਕਰੋ:

I. **ਹਲੂਣਾ!** – https://youtu.be/pp43DeXtYcE
II. **ਵਲਵਲਾ!** – https://youtu.be/CzG7ga3qbdY
III. **ਗੱਲ ਨਹੀਂ ਹੱਲ ਕਰੀਏ!** – ਛੇਤੀ ਜਾਰੀ ਹੋ ਰਿਹਾ ਹੈ।
IV. **ਸਰਬੋਤਮ ਪਾਠਸ਼ਾਲਾ!** – ਛੇਤੀ ਜਾਰੀ ਹੋ ਰਿਹਾ ਹੈ।

ਅਤੇ ਯਕੀਨੀ ਬਣਾਓ ਕਿ ਸਾਰੇ ਅਧਿਆਪਕ ਇਹਨਾਂ ਭਾਸ਼ਣਾਂ ਵਿੱਚ ਦ੍ਰਿੜ੍ਹ ਕਰਵਾਈਆਂ ਗਈਆਂ ਸਿੱਖਿਆਵਾਂ ਨੂੰ ਅਮਲ ਵਿੱਚ ਲੈ ਕੇ ਆਉਣ ਅਤੇ ਇੱਕ-ਜੁੱਟ ਹੋ ਕੇ ਵਿਦਿਆਰਥੀਆਂ ਦੀ ਸ਼ਖ਼ਸੀਅਤ ਦੀ ਘਾੜਤ ਲਈ ਕੰਮ ਕਰਨ। ਇਹ ਵੀਡੀਓ ਭਾਸ਼ਣ ਸੁਣਨ ਉਪਰੰਤ ਅਧਿਆਪਕ ਦਾ ਲਿਖਤੀ ਜਾਂ ਮੁਲਾਕਾਤ ਇਮਤਿਹਾਨ ਅਤਿ ਲਾਭਕਾਰੀ ਸਿੱਧ ਹੋਵੇਗਾ।

(2) **ਅਧਿਆਪਕਾਂ ਦੀ ਮਾਸਿਕ ਸ੍ਵੈ-ਮੁਲਾਂਕਣ ਇਕੱਤਰਤਾ:** ਮੁੱਖ ਅਧਿਆਪਕ ਸਾਹਿਬ ਆਤਮ ਪਰਗਾਸ ਪਾਠ-ਕ੍ਰਮ ਪੜ੍ਹਾਉਣ ਵਾਲ਼ੇ ਸਾਰੇ ਅਧਿਆਪਕਾਂ ਦੀ ਮਾਸਿਕ ਇਕੱਤਰਤਾ ਦਾ ਆਯੋਜਨ ਕਰਕੇ ਅਧਿਆਪਕਾਂ ਦੀ ਪ੍ਰਗਤੀ ਦਾ ਮੁਲਾਂਕਣ ਕਰਨ। ਇਸ ਉਪਰੰਤ ਇੱਕ ਅਧਿਆਪਕ ਕਿਸੇ ਵਿਸ਼ੇਸ਼ ਵਿਸ਼ੇ ਤੇ ਖੋਜ ਭਰਪੂਰ ਭਾਸ਼ਣ ਕਰੇ ਅਤੇ ਸਮੂਹ ਅਧਿਆਪਕ ਇਸ ਵਿਸ਼ੇ ਦੀ ਆਪਣੇ ਅਤੇ ਵਿਦਿਆਰਥੀਆਂ ਦੇ ਜੀਵਨ ਵਿੱਚ ਕਮਾਈ ਲਈ ਵਿਚਾਰ-ਚਰਚਾ ਕਰਨ।

**ਵਿਸ਼ੇਸ ਟਿੱਪਣੀ:** ਇਸ ਇਕੱਤਰਤਾ ਵਿੱਚ ਅਧਿਆਪਕਾਂ ਦੀ ਸਿਖਲਾਈ ਲਈ ਆਤਮ ਪਰਗਾਸ ਯੂਟਿਊਬ ਮਾਧਿਅਮ ਤੇ "ਸ਼ਖ਼ਸੀਅਤ ਉਸਾਰੀ ਪ੍ਰੇਰਨਾਵਾਂ (Personality Development Inspirations)" ਨਾਮ ਦੀ "ਸੁਣਨ ਸੂਚੀ (Play List)" ਅਧੀਨ ਹੇਠਾਂ ਦਿੱਤੀ ਤੰਦ ਤੇ ਉਪਲਬਧ ਵਿਚਾਰ-ਚਰਚਾਵਾਂ ਦਾ ਲਾਭ ਲਿਆ ਜਾ ਸਕਦਾ ਹੈ।

**ਤੰਦ:** https://www.youtube.com/playlist?list=PL19kviWx7nnVhi98GZp77x5M16A0CDUve

(3) **ਵਿੱਦਿਅਕ ਯਾਤਰਾਵਾਂ:** ਪਾਠਸ਼ਾਲਾ ਵੱਲੋਂ ਆਯੋਜਿਤ ਕੀਤੇ ਜਾਣ ਵਾਲੀਆਂ ਵਿੱਦਿਅਕ ਯਾਤਰਾਵਾਂ ਦੀ ਨਵੇਕਲੀ ਵਿਉਂਤਬੰਦੀ ਕਰੋ। ਵਿਦਿਆਰਥੀਆਂ ਨੂੰ ਆਪਣੇ ਗੌਰਵਮਈ ਵਿਰਸੇ ਤੋਂ ਸਿੱਖਿਆਵਾਂ ਗ੍ਰਹਿਣ ਕਰਨ ਲਈ ਮਾਹੌਲ ਪ੍ਰਦਾਨ ਕਰਨ ਹਿੱਤ ਪ੍ਰਮੁੱਖ ਇਤਿਹਾਸਿਕ ਸਥਾਨਾਂ ਦੇ ਦਰਸ਼ਨ ਕਰਵਾਓ। ਇਨ੍ਹਾਂ ਯਾਤਰਾਵਾਂ ਦੌਰਾਨ ਵਿਦਿਆਰਥੀਆਂ ਅੰਦਰ ਸਚਿਆਰ ਮਨੁੱਖ ਵਜੋਂ ਪ੍ਰਫੁਲਿਤ ਹੋਣ ਦੀ ਜਗਿਆਸਾ ਪ੍ਰਬਲ ਕਰਨ ਲਈ ਵਿਸ਼ੇਸ਼ ਵਿਚਾਰ-ਚਰਚਾਵਾਂ ਦਾ ਪ੍ਰਬੰਧ ਕਰੋ।

(4) **ਵਿਸ਼ੇਸ਼ ਮੁਕਾਬਲੇ:** ਵਿਦਿਆਰਥੀਆਂ ਦੀ ਸ਼ਖ਼ਸੀਅਤ ਦੇ ਸਰਬ-ਪੱਖੀ ਵਿਕਾਸ ਲਈ ਵਿਦਿਆਰਥੀਆਂ ਨੂੰ ਵੱਖ-ਵੱਖ ਸੰਸਥਾਵਾਂ ਵੱਲੋਂ ਆਯੋਜਿਤ ਕੀਤੇ ਜਾਂਦੇ ਭਾਸ਼ਣ, ਕਵਿਤਾ, ਕਵੀਸ਼ਰੀ, ਗੁਰਬਾਣੀ ਕੀਰਤਨ, ਗੁਰਬਾਣੀ ਕੰਠ, ਗੁਰਬਾਣੀ ਵਿਆਖਿਆ, ਸੁੰਦਰ ਲਿਖਾਈ, ਲੇਖ-ਲਿਖਣ, ਵਿਚਾਰ ਚਰਚਾ, ਦਸਤਾਰ ਸਜਾਉਣ, ਰੰਗ-ਕਲਾ, ਚੀਕਨੀ ਮਿੱਟੀ ਕਲਾਕ੍ਰਿਤ (clay modeling), ਵਿਰਾਸਤੀ-ਪ੍ਰਸ਼ੋਨਤਰੀ, ਖੇਡਾਂ ਆਦਿਕ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰੋ। ਆਪਣੀ ਪਾਠਸ਼ਾਲਾ ਵਿੱਚ ਵੀ ਇਹਨਾਂ ਮੁਕਾਬਲਿਆਂ ਦਾ ਆਯੋਜਨ ਜਮਾਤ ਅਤੇ ਪਾਠਸ਼ਾਲਾ ਪੱਧਰ ਤੇ ਕਰੋ।

(5) **ਉਚੇਰੀ ਵਿੱਦਿਆ ਅਤੇ ਕਿੱਤਾ ਮੁਖੀ ਦਿਸ਼ਾ:** ਵਿਦਿਆਰਥੀ ਆਪਣੇ ਜੀਵਨ ਦੇ ਪਹਿਲੇ ਬਾਰਾਂ ਤੋਂ ਪੰਦਰਾਂ ਸਾਲ ਪਾਠਸ਼ਾਲਾ ਵਿੱਚ ਵਿੱਦਿਆ ਗ੍ਰਹਿਣ ਕਰਨ ਲਈ ਬਿਤਾਉਂਦੇ ਹਨ। ਪਾਠਸ਼ਾਲਾ ਦੇ ਮੁੱਖ ਅਧਿਆਪਕ ਸਾਹਿਬ ਦੀ ਇਹ ਮਹੱਤਵਪੂਰਨ ਜ਼ੁੰਮੇਵਾਰੀ ਹੈ ਕਿ ਉਹ ਇਸ ਲੰਬੇ ਸਮੇਂ ਦੌਰਾਨ ਵਿਦਿਆਰਥੀ ਦੇ ਗੁਣਾਂ, ਰੁਚੀਆਂ ਅਤੇ ਕਾਬਲੀਅਤ ਨੂੰ ਡੂੰਘਾਈ ਨਾਲ਼ ਸਮਝਣ ਅਤੇ ਉਹਨਾਂ ਨੂੰ ਅਗਲੇਰੀ ਵਿੱਦਿਆ ਅਤੇ ਜੀਵਨ ਮਾਰਗ ਦੀ ਚੋਣ ਲਈ ਸਹੀ ਦਿਸ਼ਾ ਦੇ ਕੇ ਪਾਠਸ਼ਾਲਾ ਵਿੱਚੋਂ ਵਿਦਾ ਕਰਨ।

ਇਸ ਜ਼ੁੰਮੇਵਾਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ਼ ਨਿਭਾਉਣ ਲਈ ਅਧਿਆਪਕਾਂ ਨੂੰ ਵਿਸ਼ੇਸ਼ ਸਿਖਲਾਈ ਦਿਓ ਅਤੇ ਹਰ ਸਾਲ ਅੱਠਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਵਿੱਦਿਅਕ ਕਾਰਜਸ਼ਾਲਾਵਾਂ ਆਯੋਜਨ ਕਰਕੇ ਉਹਨਾਂ ਦਾ ਮਾਰਗ-ਦਰਸ਼ਨ ਕਰੋ।

(6) **ਪਾਠਸ਼ਾਲਾ ਸਮਾਗਮਾਂ ਦਾ ਨਵੇਕਲਾ ਆਯੋਜਨ:** ਸੱਭਿਆਚਾਰਕ ਮੇਲਿਆਂ ਦੀ ਆੜ ਹੇਠ ਪ੍ਰਚਲਿਤ ਹੋਏ 'ਨਚਾਰ ਸੱਭਿਆਚਾਰ' ਨੇ ਸਮਾਜ ਨੂੰ 'ਸਚਿਆਰ ਸੱਭਿਆਚਾਰ' ਨਾਲ਼ੋਂ ਤੋੜ ਕੇ ਨੈਤਿਕ ਕਦਰਾਂ ਕੀਮਤਾਂ ਦਾ ਵੱਡਾ ਨੁਕਸਾਨ ਕੀਤਾ ਹੈ। ਨੌਜਵਾਨਾਂ ਨੂੰ 'ਨਚਾਰ' ਤੋਂ 'ਸਚਿਆਰ' ਵੱਲ ਵਾਪਸ ਮੋੜਨ ਲਈ ਵਿੱਦਿਅਕ ਅਦਾਰੇ ਵੱਡਾ ਯੋਗਦਾਨ ਪਾ ਸਕਦੇ ਹਨ। ਗੁਰੂਆਂ, ਪੈਗੰਬਰਾਂ, ਵਿਦਵਾਨਾਂ, ਜਰਨੈਲਾਂ ਅਤੇ ਸ਼ਹੀਦਾਂ ਦੇ ਇਤਿਹਾਸਿਕ ਦਿਹਾੜਿਆਂ ਦਾ ਆਯੋਜਨ ਵਿਰਾਸਤੀ ਢੰਗ ਨਾਲ਼ ਕਰੋ। ਸਮਾਗਮ ਦੇ ਪ੍ਰਬੰਧ ਅਤੇ ਸੰਚਾਲਨ ਦੀਆਂ ਸਾਰੀਆਂ ਜ਼ੁੰਮੇਵਾਰੀਆਂ ਨਿਭਾਉਣ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰੋ। ਇਹਨਾਂ ਸਮਾਗਮਾਂ ਸਮੇਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਲਈ ਆਪੋ-ਆਪਣੀ ਭੂਮਿਕਾ ਨਿਭਾਉਣ ਲਈ ਦਿਸ਼ਾ ਦੇਣ ਹਿੱਤ ਪੇਸ਼ਕਾਰੀਆਂ ਰਾਹੀਂ ਹੇਠਾਂ ਲਿਖੀਆਂ ਉਸਾਰੂ ਸਿੱਖਿਆਵਾਂ ਦ੍ਰਿੜ ਕਰਵਾਓ:

i. ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕਰਨ
ii. ਧਰਮ, ਰੰਗ, ਨਸਲ, ਜਾਤ ਆਦਿ ਦੀਆਂ ਵੰਡੀਆਂ ਖ਼ਤਮ ਕਰਕੇ ਮਨੁੱਖਤਾ ਨਾਲ਼ ਪਿਆਰ ਕਰਨ
iii. ਆਪਣੇ ਅਮੀਰ ਵਿਰਸੇ ਅਤੇ ਸੱਭਿਆਚਾਰ ਨੂੰ ਜ਼ਿੰਦਗੀ ਵਿੱਚ ਅਪਣਾਉਣ
iv. ਮਾਂ-ਬੋਲੀ ਨੂੰ ਮਾਣ ਨਾਲ਼ ਪੜ੍ਹਨ, ਲਿਖਣ ਅਤੇ ਬੋਲਣ
v. ਮਾਤਾ-ਪਿਤਾ ਅਤੇ ਅਧਿਆਪਕਾਂ ਦਾ ਸਤਿਕਾਰ ਕਰਨ
vi. ਖ਼ੁਸ਼ਹਾਲ ਸਮਾਜ ਦੀ ਸਿਰਜਣਾ ਲਈ ਨਿੱਜੀ ਸੁੱਖਾਂ ਦਾ ਤਿਆਗ ਕਰਨ
vii. ਪੱਛਮ ਦੇ ਪ੍ਰਭਾਵ ਹੇਠ ਪ੍ਰਫੁਲਿਤ ਹੋਏ ਲੱਚਰ ਅਤੇ ਨੀਵੇਂ ਦਰਜੇ ਦੇ ਸੱਭਿਆਚਾਰ ਦਾ ਖਹਿੜਾ ਛੱਡਣ
viii. ਕੁਦਰਤੀ ਸਾਧਨਾਂ ਦੀ ਸੰਭਾਲ਼ ਕਰਨ
ix. ਹਵਾ, ਪਾਣੀ, ਧਰਤੀ ਅਤੇ ਅਵਾਜ਼ ਦੇ ਪ੍ਰਦੂਸ਼ਨ ਦੀ ਰੋਕਥਾਮ ਕਰਨ
x. ਦਿਵਾਲੀ ਅਤੇ ਹੋਰ ਤਿਉਹਾਰਾਂ ਨੂੰ ਪ੍ਰਦੂਸ਼ਣ ਰਹਿਤ ਢੰਗ ਨਾਲ਼ ਮਨਾਉਣ
xi. ਪਾਣੀ ਦੀ ਸੰਜਮ ਨਾਲ਼ ਵਰਤੋਂ ਕਰਨ
xii. ਪਤੰਗਾਂ ਦੀ ਖੇਡ ਲਈ ਤਿੱਖੀ ਡੋਰ ਦੀ ਵਰਤੋਂ ਨਾ ਕਰਨ
xiii. ਮੋਮਜਾਮੇ, ਪਲਾਸਟਿਕ ਅਤੇ ਨਾ-ਗਲਣਯੋਗ ਸਮੱਗਰੀ ਦੀ ਵਰਤੋਂ ਤੋਂ ਗੁਰੇਜ਼ ਕਰਨ
xiv. ਜ਼ਮੀਨ ਦੀ ਸਿਹਤ ਦੀ ਸੰਭਾਲ਼ ਕਰਨ
xv. ਖੇਤੀਬਾੜੀ ਲਈ ਰਸਾਇਣਾਂ ਅਤੇ ਜ਼ਹਿਰਾਂ ਦੀ ਵਰਤੋਂ ਤੋਂ ਗੁਰੇਜ਼ ਕਰਨ, ਆਦਿ

**ਉਪਰੋਕਤ ਅਨੁਸਾਰ ਕਾਰਜਸ਼ੀਲ ਹੋ ਕੇ ਅੱਵਲ ਕਾਰਗੁਜ਼ਾਰੀ ਕਰਨ ਅਤੇ ਕਾਰਜਾਂ ਦੀ ਪ੍ਰਗਤੀ ਨੂੰ ਨਿਰੰਤਰ ਆਤਮ ਪਰਗਾਸ ਨਾਲ਼ ਸਾਂਝਾ ਕਰਨ ਵਾਲ਼ੇ ਵਿੱਦਿਅਕ ਅਦਾਰੇ ਨੂੰ 'ਆਤਮ ਪਰਗਾਸ ਸਰਬੋਤਮ ਪਾਠਸ਼ਾਲਾ ਸਨਮਾਨ' (ਸਨਮਾਨ ਚਿੰਨ੍ਹ ਅਤੇ 51,000/- ਰੁਪਏ ਦੀ ਰਾਸ਼ੀ) ਨਾਲ਼ ਸਨਮਾਨਿਤ ਕੀਤਾ ਜਾਵੇਗਾ।**

ਆਤਮ ਪਰਗਾਸ
ਪਰਗਾਸ

**ਆਤਮ ਪਰਗਾਸ ਸਮਾਜ ਭਲਾਈ ਸਭਾ**
99, ਪ੍ਰੀਤ ਵਿਹਾਰ, ਦਾਦ, ਸ਼ਹੀਦ ਕਰਤਾਰ ਸਿੰਘ ਸਰਾਭਾ ਮਾਰਗ, ਲੁਧਿਆਣਾ-142022
+91 82880-10532 www.atampargas.org
Like Facebook Page Subscribe YouTube Channel